# ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਜਪਣ ਦੀ ਲੋੜ {ਨਾਮੁ, ਭਾਗ ੨}

## Need of Naam according to Guru Granth Sahib {Naam, Part 2}

ਹੋਰਨਾਂ ਧਰਮਾਂ, ਫਿਰਕਿਆਂ ਜਾਂ ਆਮ ਲੋਕਾਂ ਅਨੁਸਾਰ ਨਾਮੁ ਜਪਣ ਦਾ ਭਾਵ ਕਿਸੇ ਖਾਸ ਅੱਖਰ ਜਾਂ ਵਾਕ ਨੂੰ ਬਾਰ ਬਾਰ ਦੁਹਰਾਈ ਜਾਣਾਂ ਹੋ ਸਕਦਾ ਹੈ, ਪਰੰਤੂ ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ ਦਾ ਨਾਮੁ, ਹੁਕਮੁ ਹੈ, ਸਬਦ ਹੈ, ਸਚੁ ਹੈ, ਬਹੁਤ ਮਿਠਾ ਹੈ, ਰਸ ਵਾਲਾ ਹੈ, ਅੰਮ੍ਰਿਤ ਹੈ, ਨਿਰਮਲੁ ਜਲ ਦੀ ਤਰ੍ਹਾਂ ਹੈ, ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ। ਸਿੱਖ ਧਰਮ ਅਨੁਸਾਰ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਨਾਮੁ ਹੈ। ਜੇ ਕਰ ਅਸੀਂ ਨਾਮੁ ਨੂੰ ਸਮਝਣਾ ਤੇ ਪਾਉਂਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ। ਅਕਾਲ ਪੁਰਖੁ ਦਾ ਸਿਸਟਮ ਬਿਨਾਂ ਕਿਸੇ ਰੁਕਾਵਟ ਦੇ ਯੁਗਾ ਯੁਗਾਂਤਰਾਂ ਤੋਂ ਸਫਲ ਤਰੀਕੇ ਨਾਲ ਚਲ ਰਿਹਾ ਹੈ ਤੇ ਚਲਦਾ ਰਹੇਗਾ। ਇਸ ਲਈ ਜੀਵਨ ਦੀ ਸਫਲਤਾ ਲਈ ਜਰੂਰੀ ਹੈ, ਕਿ ਅਕਾਲ ਪੁਰਖੁ ਦੇ ਸਿਸਟਮ ਨੂੰ ਸਮਝਿਆ ਜਾਵੇ ਤੇ ਉਸ ਅਨੁਸਾਰ ਚੱਲਿਆ ਜਾਵੇ, ਤਾਂ ਜੋ ਸਾਡਾ ਜੀਵਨ ਵੀ ਬਿਨਾਂ ਕਿਸੇ ਮੁਸ਼ਕਲ ਜਾਂ ਰੁਕਾਵਟ ਦੇ ਸਫਲ ਤਰੀਕੇ ਨਾਲ ਚਲਦਾ ਰਹੇ। ਇਹੀ ਕਾਰਨ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚ ਅਕਾਲ ਪੁਰਖੁ ਦੇ ਨਾਮੁ ਨੂੰ ਖਾਸ ਮਹੱਤਤਾ ਦਿਤੀ ਗਈ ਹੈ। ਜਦੋਂ ਅਸੀਂ ਕਿਸੇ ਸਬਦ ਦੇ, ਸਿਰਫ ਇਕੋ ਵਾਕ ਵਿਚੋਂ ਜਾਣਕਾਰੀ ਹਾਸਲ ਕਰਨ ਦਾ ਉਪਰਾਲਾ ਕਰਦੇ ਹਾਂ, ਤਾਂ ਭੁਲੇਖਿਆਂ ਵਿਚ ਪੈ ਜਾਂਦੇ ਹਾਂ, ਜਿਸ ਸਬਦ ਵਿਚ ਨਾਮੁ ਸਬੰਧੀ ਕੋਈ ਵਿਸ਼ਾ ਲਿਆ ਗਿਆ ਹੁੰਦਾ ਹੈ, ਉਸੇ ਸਬਦ ਵਿਚ ਨਾਮੁ ਸਬੰਦੀ ਹੋਰ ਵੀਚਾਰ ਵੀ ਦਿਤੀ ਗਈ ਹੁੰਦੀ ਹੈ। ਇਸ ਲਈ ਉਚਿਤ ਇਹੀ ਹੈ, ਕਿ ਹਰੇਕ ਸਬਦ ਪੂਰਨ ਤੌਰ ਤੇ ਸਮਝਿਆ ਜਾਵੇ, ਤਾਂ ਜੋ ਪੂਰੀ ਜਾਣਕਾਰੀ ਹਾਸਲ ਕਰ ਸਕੀਏ।

ਅਸਟਪਦੀ ॥ ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥ ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥੧॥ {੨੯੫}

ਇਸ ਅਸਟਪਦੀ ਵਿਚ ਗੁਰੂ ਸਾਹਿਬ ਸਮਝਾਂਦੇ ਹਨ, ਕਿ ਹੇ ਮਨ! ਪੂਰੇ ਸਤਿਗੁਰੂ ਦੀ ਸਿੱਖਿਆ ਸੁਣ, ਅਕਾਲ ਪੁਰਖ ਨੂੰ ਹਰ ਥਾਂ ਨੇੜੇ ਜਾਣ ਤੇ ਵੇਖ। ਹਰੇਕ ਪਲ, ਅਕਾਲ ਪੁਰਖੁ ਨੂੰ ੨੪ ਘੰਟੇ ਚਿਤ ਵਿਚ ਵਸਾ ਕੇ ਰੱਖਣਾ ਹੈ, ਤਾਂ ਜੁ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿਟ ਜਾਏ। ਨਿੱਤ ਨਾ ਰਹਿਣ ਵਾਲੀਆਂ ਚੀਜ਼ਾਂ ਦੀਆਂ ਆਸਾਂ ਛੱਡ ਦੇਹ, ਅਤੇ ਸੰਤ ਜਨਾਂ ਦੇ ਪੈਰਾਂ ਦੀ ਖ਼ਾਕ ਮੰਗ। ਆਪਾ ਭਾਵ ਛੱਡ ਕੇ ਅਕਾਲ ਪੁਰਖੁ ਦੇ ਅੱਗੇ ਅਰਦਾਸ ਕਰ, ਤੇ ਇਸ ਤਰ੍ਹਾਂ ਸਾਧ ਸੰਗਤਿ ਵਿਚ ਰਹਿ ਕੇ ਵਿਕਾਰਾਂ ਦੀ ਅੱਗ ਦੇ ਸਮੁੰਦਰ ਤੋਂ ਪਾਰ ਲੰਘ। ਅਕਾਲ ਪੁਰਖੁ ਦੇ ਨਾਮ ਰੁਪੀ ਧਨ ਦੇ ਖ਼ਜ਼ਾਨੇ ਭਰ ਲੈ ਅਤੇ ਪੂਰੇ ਸਤਿਗੁਰੂ ਨੂੰ ਨਮਸਕਾਰ ਕਰ।

ਹਰੇਕ ਪਲ ਅਕਾਲ ਪੁਰਖੁ ਨੂੰ ਚੇਤੇ ਕਰਨਾ ਹੈ, ੨੪ ਘੰਟੇ ਗੁਰੂ ਦੀ ਮਤ ਅਨੁਸਾਰ ਚਲਣਾ ਹੈ, ਹੁਕਮੁ ਤੇ ਰਜਾ ਅਨੁਸਾਰ ਚਲਣਾ ਹੈ, ਤ੍ਰਿਸ਼ਨਾ ਦੇ ਗੁਲਾਮ ਨਹੀਂ ਹੋਣਾ ਹੈ, ਲੋੜ ਅਨੁਸਾਰ ਇਸ਼ਾ ਰੱਖਣੀ ਹੈ, ਆਪਣੇ ਹਉਮੈ ਤੇ ਕਾਬੂ ਕਰਨਾ ਹੈ, ਸਾਧ ਸੰਗਤਿ ਵਿਚ ਰਹਿ ਕੇ, ਗੁਰੂ ਦੀ ਮਤ ਸਿਖਣੀ ਹੈ, ਤੇ ਪੂਰੇ ਗੁਰੂ ਦੀ ਮਤ ਅਨੁਸਾਰ ਚਲਣਾ ਹੈ। ਜਿਨ੍ਹਾਂ ਮਨੁੱਖਾਂ ਨੂੰ ਸਾਹ ਲੈਂਦਿਆਂ ਤੇ ਖਾਂਦਿਆਂ ਕਦੇ ਅਕਾਲ ਪੁਰਖੁ ਨਹੀਂ ਭੁੱਲਦਾ, ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖੁ ਦਾ ਨਾਮ ਰੁਪੀ ਮੰਤਰ ਵੱਸ ਰਿਹਾ ਹੈ। ਉਹੀ ਬੰਦੇ ਮੁਬਾਰਿਕ ਹਨ, ਉਹੀ ਮਨੁੱਖ ਪੂਰਨ ਸੰਤ ਹੈ।

ਸਲੋਕ ਮ: ੫ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ {੩੧੯}

ਗੁਰਬਾਣੀ ਅਨੁਸਾਰ ਅਕਾਲ ਪੁਰਖੁ ਦਾ ਨਾਮੁ ਹਰੇਕ ਸਾਹ ਤੇ ਹਰੇਕ ਗਿਰਾਹੀ ਨਾਲ ਜਪਣਾ ਹੈ, ਅਤੇ ਕਦੇ ਵੀ ਵਿਸਾਰਨਾ ਨਹੀਂ ਹੈ। ਭਾਵ ਅਕਾਲ ਪੁਰਖੁ ਦਾ ਨਾਮੁ ੨੪ ਘੰਟੇ ਜਪਣਾ ਹੈ, ਸੌਂਣ ਸਮੇਂ, ਹਰੇਕ ਕੰਮ ਕਰਨ ਸਮੇਂ, ਗੱਡੀ ਜਾਂ ਮਸ਼ੀਨ ਚਲਾਉਂਣ ਸਮੇਂ, ਰੋਟੀ ਸਬਜੀ ਬਣਾਉਂਣ ਸਮੇਂ, ਲੰਗਰ ਬਣਾਉਂਦੇ ਤੇ ਖਾਂਦੇ ਸਮੇਂ, ਬਾਣੀ ਪੜ੍ਹਨ ਸਮੇਂ, ਕਿਤਾਬ ਪੜ੍ਹਨ ਸਮੇਂ, ਰੋਜਾਨਾ ਕਿਰਿਆ ਕਰਦੇ ਸਮੇਂ, ਆਦਿ। ਇਨ੍ਹਾਂ ਸਭ ਕੰਮਾਂ ਦੇ ਦੁਰਾਨ ਕਿਸੇ ਤਰ੍ਹਾਂ ਦਾ ਰਟਨ ਨਹੀਂ ਕੀਤਾ ਜਾ ਸਕਦਾ ਹੈ। ਪਰੰਤੂ,

ਇਨ੍ਹਾਂ ਸਭ ਕੰਮਾਂ ਦੇ ਦੁਰਾਨ, "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ", ਸੰਭਵ ਹੈ। ਇਸ ਲਈ ਹਰੇਕ ਕੰਮ ਕਰਨ ਸਮੇਂ, "ਹੁਕਮੁ ਅੰਦਰ ਚਲਣਾ" ਤੇ "ਹੁਕਮੁ ਪਛਾਨ ਕੇ ਚਲਣਾ", ਹੀ ਮਨੁੱਖ ਲਈ ਨਾਮੁ ਜਪਣਾ ਹੈ।

ਗੁੱਜਰ ਆਪਣੇ ਮਾਲ ਡੰਗਰ ਨੂੰ ਕਿਸੇ ਚਰਨ ਵਾਲੀ ਥਾਂ ਤੇ ਲੈ ਕੇ ਜਾਂਦੇ ਹਨ ਤੇ ਫਿਰ ਸ਼ਾਮ ਨੂੰ ਵਾਪਿਸ ਲੈ ਆਂਉਂਦੇ ਹਨ। ਇਸੇ ਤਰ੍ਹਾਂ ਜੀਵ ਇਸ ਜਗਤ ਵਿਚ ਕੁਝ ਸਮੇਂ ਲਈ ਰਹਿਣ ਵਾਸਤੇ ਆਂਉਂਦਾ ਹੈ, ਤੇ ਫਿਰ ਆਪਣਾ ਸਫਰ ਪੂਰਾਂ ਹੋਣ ਤੇ ਵਾਪਿਸ ਚਲਾ ਜਾਂਦਾ ਹੈ। ਇਸ ਲਈ ਹਮੇਸ਼ਾਂ ਆਪਣਾ ਅਸਲੀ ਘਰ ਘਾਟ ਚੰਗੀ ਤਰ੍ਹਾਂ ਚੇਤੇ ਰੱਖਣਾਂ ਚਾਹੀਦਾ ਹੈ, ਕਿਉਂਕਿ ਉਥੇ ਇਕ ਦਿਨ ਵਾਪਿਸ ਚਲੇ ਜਾਣਾ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ ਅਕਾਲ ਪੁਰਖੁ ਦੇ ਗੁਣ ਗਾਇਆ ਕਰ, ਪਿਆਰ ਨਾਲ ਗੁਰੂ ਗਰੰਥ ਸਾਹਿਬ ਅਨੁਸਾਰ ਦੱਸੀ ਗਈ ਸੇਵਾ ਕਰਿਆ ਕਰ। ਇਹ ਮਨੁੱਖਾ ਜੀਵਨ ਥੋੜੇ ਜਿਹੇ ਸਮੇਂ ਲਈ ਮਿਲਿਆ ਹੈ, ਫਿਰ ਅਸੀਂ ਇਸ ਦਾ ਇਤਨਾ ਮਾਣ ਕਿਉਂ ਕਰਦੇ ਹਾਂ। ਜਿਸ ਤਰ੍ਹਾਂ ਰਾਤ ਵੇਲੇ ਕਿਸੇ ਘਰ ਆਏ ਹੋਏ ਪਰਾਹੁਣੇ ਨੇ ਦਿਨ ਚੜ੍ਹਨ ਤੇ ਉਥੋਂ ਉੱਠ ਕੇ ਚੱਲੇ ਜਾਣਾ ਹੈ, ਉਸੇ ਤਰ੍ਹਾਂ ਜੀਵ ਨੇ ਆਪਣੀ ਜ਼ਿੰਦਗੀ ਦੀ ਰਾਤ ਮੁੱਕਣ ਤੋਂ ਬਾਅਦ ਇਸ ਜਗਤ ਤੋਂ ਚਲੇ ਜਾਣਾ ਹੈ। ਫਿਰ ਅਸੀਂ ਆਪਣੇ ਗ੍ਰਹਿਸਤ ਪਰਵਾਰ ਦੇ ਪ੍ਰੇਮ ਵਿਚ ਕਿਉਂ ਮਸਤ ਹੋਏ ਰਹਿੰਦੇ ਹਾਂ? ਇਸ ਪਰਵਾਰ ਨੇ ਫੁੱਲਾਂ ਦੇ ਬਗ਼ੀਚੇ ਵਾਂਗ ਇਕ ਦਿਨ ਸੁਕ ਜਾਣਾ ਹੈ। ਅਸੀਂ ਆਪਣੀ ਸੰਸਾਰੀ ਜਾਇਦਾਦ ਦਾ ਕਿਉਂ ਹੰਕਾਰ ਕਰਦੇ ਹਾਂ, ਜੋ ਕਿ ਅਕਾਲ ਪੁਰਖੁ ਨੇ ਹੀ ਦਿਤੀ ਹੈ। ਇਹ ਸਭ ਲੱਖਾ ਕ੍ਰੋੜਾਂ ਰੁਪਏ ਤੇ ਜਮੀਨ ਜਾਇਦਾਦ, ਇਕ ਦਿਨ ਇਥੇ ਹੀ ਛੱਡ ਕੇ ਦੁਨੀਆਂ ਤੋਂ ਕੂਚ ਕਰ ਜਾਣਾ ਹੈ। ਇਸ ਲਈ ਉਸ ਅਕਾਲ ਪੁਰਖੁ ਨਾਲ ਸਾਂਝ ਪਾ ਤੇ ਉਸ ਦਾ ਧੰਨਵਾਦ ਕਰ, ਜਿਸ ਨੇ ਇਹ ਸਭ ਕੁਝ ਦਿੱਤਾ ਹੈ। ਚੌਰਾਸੀ ਲੱਖ {ਅਣਗਿਣਤ} ਜੂਨਾਂ ਵਿਚ ਭਟਕਦਿਆਂ ਹੁਣ ਇਹ ਦੁਰਲੱਭ ਮਨੁੱਖਾ ਜਨਮ ਬੜੀ ਮੁਸ਼ਕਿਲ ਨਾਲ ਮਿਲਿਆ ਹੈ। ਕੋਈ ਨਹੀਂ ਦੱਸ ਸਕਦਾ ਕਿ ਇਹ ਮਨੁੱਖਾ ਜਨਮ ਦੁਬਾਰਾ ਮਿਲੇਗਾ ਕਿ ਨਹੀਂ? ਇਸ ਲਈ ਅਕਾਲ ਪੁਰਖੁ ਦਾ ਨਾਮੁ ਹਿਰਦੇ ਵਿਚ ਵਸਾ, ਕਿਉਂਕਿ ਉਹ ਦਿਨ ਨੇੜੇ ਆ ਰਿਹਾ ਹੈ, ਜਦੋਂ ਇਥੋਂ ਕੂਚ ਕਰਨਾ ਹੈ।

ਸਿਰੀਰਾਗੁ ਮਹਲਾ ੫ ਘਰੁ ੨ ॥ ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥ ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰਬਾਰੁ ॥੧॥ ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ ਕਿਆ ਥੋੜੜੀ ਬਾਤ ਗੁਮਾਨੁ ॥੧॥ਰਹਾਉ॥ ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥੨॥ ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥ ਸਰਪਰ ਉਠਿ ਚਲਣਾ ਛਡਿ ਜਾਸੀ ਲਖ ਕਰੋੜਿ ॥੩॥ ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੨੧॥੯੧॥ {ਪੰਨਾ ੫੦}

ਗੁਰੂ ਸਾਹਿਬ ਇਸ ਹੇਠ ਲਿਖੇ ਸਲੋਕ ਵਿਚ ਸਮਝਾਂ ਰਹੇ ਹਨ, ਕਿ, ਉਮਰ ਦੀਆਂ ਤਿੰਨ ਅਵਸਥਾ ਆਉਂਦੀਆਂ ਹਨ, ਬਾਲ ਅਵਸਥਾ, ਜੁਆਨੀ ਦੀ ਅਵਸਥਾ ਅਤੇ ਫਿਰ ਬੁਢੇਪੇ ਦੀ ਅਵਸਥਾ। ਪਰੰਤੂ, ਇਹ ਚੇਤੇ ਰੱਖ ਕਿ ਅਕਾਲ ਪੁਰਖੁ ਦੇ ਭਜਨ ਤੋਂ ਬਿਨਾ, ਇਹ ਸਾਰੀਆਂ ਹੀ ਵਿਅਰਥ ਜਾਂਦੀਆਂ ਹਨ।

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ {੧੪੨੮}

ਭਗਤ ਕਬੀਰ ਜੀ ਇਸ ਹੇਠ ਲਿਖੇ ਸਬਦ ਵਿਚ ਸਮਝਾਂ ਰਹੇ ਹਨ, ਕਿ, ਉਮਰ ਦੀਆਂ ਤਿੰਨ ਅਵਸਥਾ ਆਉਂਦੀਆਂ ਹਨ, ਬਾਲ ਅਵਸਥਾ, ਜੁਆਨੀ ਦੀ ਅਵਸਥਾ, ਅਤੇ ਫਿਰ ਬੁਢੇਪੇ ਦੀ ਅਵਸਥਾ {ਬਾਲ ਅਵਸਥਾ = ੧੨, ਜੁਆਨੀ = ੨੦ + ੩੦, ਅਤੇ ਬੁਢੇਪਾ ੧੨+੨੦+੩੦ = ੬੨} ਪਰੰਤੂ, ਇਹ ਚੇਤੇ ਰੱਖ ਕਿ ਅਕਾਲ ਪੁਰਖੁ ਦੇ ਭਜਨ ਤੋਂ ਬਿਨਾ, ਇਹ ਸਾਰੀਆਂ ਹੀ ਵਿਅਰਥ ਜਾਂਦੀਆਂ ਹਨ। ਹਉਮੈ ਤੇ ਮਾਇਆ ਦੀ ਮਮਤਾ ਵਿਚ ਹੀ ਜੁਆਨੀ ਦੀ ਉਮਰ ਬੀਤ ਗਈ, ਸਰੀਰ ਰੂਪੀ ਸਮੁੰਦਰ ਸੁੱਕ ਗਿਆ, ਤੇ ਬਾਹਾਂ ਦੀ ਤਾਕਤ ਭੀ ਮੁੱਕ ਗਈ।

ਆਸਾ ॥ ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥੧॥ ਮੇਰੀ ਮੇਰੀ ਕਰਤੇ ਜਨਮੁ ਗਇਓ ॥ ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥ ॥੫॥੨॥੧੫॥ {੪੭੯}

ਹੇ ਮੇਰੇ ਮਨ! ਦਿਨ ਰਾਤ ਬੀਤ ਰਹੇ ਹਨ, ਤੇ ਉਨ੍ਹਾਂ ਦੇ ਨਾਲ ਨਾਲ ਰੋਜਾਨਾਂ ਤੇਰੀ ਉਮਰ ਘਟਦੀ ਜਾ ਰਹੀ ਹੈ। ਇਸ ਲਈ ਗੁਰੂ ਨੂੰ ਮਿਲ ਕੇ ਆਪਣਾ ਮਨੁੱਖਾ ਜੀਵਨ ਸਵਾਰ ਲੈ, ਮਨੁੱਖਾ ਜੀਵਨ ਦੇ ਮੰਤਵ ਦਾ ਕੰਮ ਸਿਰੇ ਚਾੜ੍ਹ। ਲੋੜ ਤਾਂ ਸੁਚੇਤ ਹੋਣ

ਦੀ ਹੈ, ਪਰੰਤੂ, ਲੋਕ ਜਨਮ ਦਿਨ, ਸਾਲਗਿਰਾ, ਮਨਾਉਂਣ ਵਿਚ ਇਤਨੇ ਗਵਾਚ ਗਏ ਹਨ, ਕਿ ਉਹ ਭੁਲ ਹੀ ਗਏ ਹਨ, ਕਿ ਉਨ੍ਹਾਂ ਦੀ ਉਮਰ ਰੋਜਾਨਾਂ ਘਟਦੀ ਜਾ ਰਹੀ ਹੈ।

ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ {13}

ਹਰੇਕ ਮਨੱਖ ਆਪਣਾ ਜੀਵਨ ਆਪ ਜਿਊਂਦਾ ਹੈ, ਇਸ ਲਈ ਹਰੇਕ ਨੇ ਆਪਣਾ ਕਾਰਜ ਆਪ ਹੀ ਸਵਾਰਨਾ ਹੈ। ਆਪਣੇ ਪੇਟ ਵਿਚ ਰੋਟੀ ਆਪ ਹੀ ਪਾਉਂਣੀ ਹੈ, ਆਪਣੇ ਮਨ ਵਿਚ ਗਿਆਨ ਵੀ ਆਪ ਹੀ ਪਾਉਂਣਾ ਹੈ। ਮਨੁੱਖ ਦੂਸਰਿਆਂ ਨਾਲ ਗਿਆਨ ਸਾਂਝਾ ਕਰ ਸਕਦਾ ਹੈ, ਉਹ ਗਿਆਨ ਲੈਣਾਂ ਹੈ ਕਿ ਨਹੀਂ ਇਹ ਹਰੇਕ ਮਨੁੱਖ ਦੀ ਆਪਣੀ ਮਰਜੀ ਹੈ। ਜਿਸ ਤਰ੍ਹਾਂ ਦਾ ਮਨੁੱਖ ਗਿਆਨ ਲੈਂਦਾ ਹੈ, ਉਸੇ ਅਨੁਸਾਰ ਉਸ ਦਾ ਮਨ ਤੇ ਸਰੀਰ ਚਲਦਾ ਹੈ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ {ਪੰਨਾ ੪੭੪}

ਗੁਰੂ ਸਾਹਿਬ ਸਮਝਾਂਦੇ ਹਨ ਕਿ ਐ ਮਨੁੱਖ ਤੂੰ ਰਾਤ ਨੂੰ ਸੌਂ ਕੇ ਗੁਜ਼ਾਰ ਦੇਂਦਾ ਹੈ ਤੇ ਦਿਨ ਦਾ ਸਮਾਂ ਖਾ ਖਾ ਕੇ ਵਿਅਰਥ ਬਿਤਾ ਰਿਹਾ ਹੈਂ, ਤੇਰਾ ਇਹ ਮਨੁੱਖਾ ਜਨਮ ਹੀਰੇ ਵਰਗਾ ਕੀਮਤੀ ਹੈ, ਪਰ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਨ ਤੋਂ ਬਿਨਾ, ਇਹ ਕੀਮਤੀ ਸਮਾਂ ਕੌਡੀ ਦੇ ਭਾ ਜਾ ਰਿਹਾ ਹੈ। ਇਹ ਮਨੁੱਖਾ ਜੀਵਨ ਹੀ ਅਕਾਲ ਪੁਰਖੁ ਨਾਲ ਸਾਂਝ ਪਾਣ ਦਾ ਵੇਲਾ ਹੈ, ਇਸ ਲਈ ਜੇ ਕਰ ਅਕਾਲ ਪੁਰਖੁ ਦੇ ਨਾਮੁ ਨਾਲ ਡੂੰਘੀ ਸਾਂਝ ਨਾ ਪਾਈ, ਤਾਂ ਬੀਤ ਗਿਆ ਸਮਾਂ ਦੁਬਾਰਾ ਵਾਪਿਸ ਨਹੀਂ ਆਉਂਣਾ ਤੇ ਫਿਰ ਬਾਅਦ ਵਿਚ ਅਫ਼ਸੋਸ ਕਰਦਾ ਰਹੇਂਗਾ। ਜਿਹੜਾ ਮਨੁੱਖ ਸਿਰਫ ਧਨ ਹੀ ਇਕੱਠਾ ਕਰਦਾ ਰਹਿੰਦਾ ਹੈ, ਉਸ ਦੇ ਅੰਦਰ ਅਕਾਲ ਪੁਰਖੁ ਨੂੰ ਸਿਮਰਨ ਦੀ ਇਛਾ ਪੈਦਾ ਨਹੀਂ ਹੋ ਸਕਦੀ। ਜਿਹੜੇ ਲੋਕ ਬੇਅੰਤ ਦੌਲਤ ਦੀ ਲਾਲਸਾ ਵਿਚ ਦੌੜੇ ਫਿਰਦੇ ਰਹਿੰਦੇ ਹਨ, ਉਹ ਅਕਾਲ ਪੁਰਖੁ ਦਾ ਨਾਮੁ ਧਨ ਗਵਾ ਲੈਂਦੇ ਹਨ। ਜੇਕਰ ਨਿਰੀ ਇੱਛਾ ਕਰਨ ਨਾਲ ਹੀ ਨਾਮੁ ਧਨ ਮਿਲ ਸਕਦਾ ਹੋਵੇ, ਤਾਂ ਹਰੇਕ ਜੀਵ ਨਾਮੁ ਧਨ ਦੇ ਖ਼ਜ਼ਾਨਿਆਂ ਦਾ ਮਾਲਕ ਬਣ ਜਾਏ, "ਕਾਵਾਂ ਦੇ ਕਹਿਣ ਤੇ ਢੱਗੇ ਮਰਨੇ ਨਹੀਂ ਸ਼ੁਰੂ ਹੋ ਜਾਂਦੇ ਹਨ"। ਅਕਸਰ ਕਈ ਮਨੁੱਖ ਨਿਰਾ ਜ਼ਬਾਨੀ ਜ਼ਬਾਨੀ ਨਾਮੁ ਧਨ ਦੀ ਲਾਲਸਾ ਕਰਦੇ ਰਹਿੰਦੇ ਹਨ, ਪਰੰਤੂ ਇਹ ਧਿਆਨ ਵਿਚ ਰੱਖਣਾਂ ਹੈ, ਕਿ ਫ਼ੈਸਲਾ ਤਾਂ ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੋਣਾ ਹੈ, ਤੇ ਨਾਮੁ ਧਨ ਦੀ ਪ੍ਰਾਪਤੀ ਵੀ ਉਸੇ ਅਨੁਸਾਰ ਹੀ ਹੋਵੇਗੀ। ਇਸ ਲਈ ਨਿਰਾ ਦੁਨੀਆਦਾਰੀ ਦੀ ਖ਼ਾਤਰ ਨਾ ਭਟਕੋ, ਤੇ ਨਾਲ ਦੀ ਨਾਲ ਇਹ ਵੀ ਧਿਆਨ ਵਿਚ ਰੱਖੋ, ਕਿ ਉੱਦਮ ਕਰਦਿਆਂ ਹੋਇਆ ਨਾਮੁ ਲਈ ਹੱਕ ਨਹੀਂ ਸਮਝਿਆ ਜਾ ਸਕਦਾ। ਇਹ ਵੀ ਨਹੀਂ ਕਿਹਾ ਜਾ ਸਕਦਾ, ਕਿ ਨਾਮੁ ਧਨ ਕਿਸ ਨੂੰ ਮਿਲੇਗਾ। ਉੱਦਮ ਦਾ ਕੀਤਾ ਹੋਇਆ ਮਾਣ, ਸਾਰੇ ਕੀਤੇ ਹੋਏ ਉੱਦਮਾਂ ਨੂੰ ਵਿਅਰਥ ਕਰ ਦੇਂਦਾ ਹੈ। ਜਿਸ ਅਕਾਲ ਪੁਰਖੁ ਨੇ ਇਹ ਸਾਰਾ ਜਗਤ ਰਚਿਆ ਹੈ, ਉਹ ਹਰੇਕ ਜੀਵ ਦੀ ਸੰਭਾਲ ਵੀ ਆਪ ਹੀ ਕਰਦਾ ਹੈ, ਇਸ ਲਈ ਉੱਦਮ ਦੇ ਫਲ ਬਾਰੇ ਉਸ ਅਕਾਲ ਪੁਰਖੁ ਦਾ ਹੁਕਮੁ ਆਸਾਨੀ ਨਾਲ ਨਹੀਂ ਸਮਝਿਆ ਜਾ ਸਕਦਾ। ਇਹ ਪਤਾ ਕਰਨਾ ਬਹੁਤ ਮੁਸ਼ਕਲ ਹੈ ਕਿ ਕਿਸ ਮਨੁੱਖ ਨੂੰ ਉਹ ਨਾਮੁ ਜਪਣ ਦੀ ਵਡਿਆਈ ਦੇ ਦੇਂਦਾ ਹੈ, ਤੇ ਕਿਸ ਨੂੰ ਨਹੀਂ। ਸਾਡਾ ਇਹੀ ਫਰਜ ਬਣਦਾ ਹੈ ਕਿ ਅਸੀਂ ਉੱਦਮ ਕਰਦੇ ਹੋਏ ਅਕਾਲ ਪੁਰਖੁ ਪਾਸੋਂ ਮਿਹਰ ਦੀ ਦਾਤ ਮੰਗਦੇ ਰਹੀਏ।

ਗਉੜੀ ਬੈਰਾਗਣਿ ਮਹਲਾ ੧ ॥ ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥ ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥ ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥੨॥ ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮॥ {੧੫੬}

ਜੇਕਰ ਇਹ ਸਰੀਰ ਸਾਥ ਨਾ ਦੇਵੇ ਤਾਂ ਮਨੁੱਖਾ ਜੀਵਨ ਨਹੀਂ ਚਲ ਸਕਦਾ ਜਾਂ ਮੁਸ਼ਕਲ ਹੋ ਸਕਦਾ ਹੈ। ਪਰੰਤੂ ਸਰੀਰ ਦਾ ਸਾਥ ਸਿਰਫ ਇਸ ਲੋਕ ਤਕ ਹੀ ਸੀਮਿਤ ਹੈ, ਇਸ ਲਈ ਮਨੁੱਖ ਨੂੰ ਜੀਵਨ ਦੇ ਅੰਤ ਦੇ ਸਾਥ ਤੱਕ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ {ਵਰਤਮਾਨ ਤੇ ਭਵਿੱਖ} ਦੋਹਾਂ ਵਿਚ ਸਹਾਈ ਹੁੰਦਾਂ ਹੈ। ਇਹ ਸਾਡੇ ਵਡੇ ਭਾਗ ਹਨ, ਜਿਸ ਸਦਕਾ ਸਾਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਮਨੁੱਖ ਲਈ ਅਕਾਲ ਪੁਰਖੁ ਨੂੰ ਮਿਲਣ ਦਾ ਇਹੀ ਮੌਕਾ ਹੈ। ਜੇਕਰ ਅਕਾਲ ਪੁਰਖੁ ਨੂੰ ਮਿਲਣ ਲਈ ਕੋਈ ਉੱਦਮ ਜਾਂ ਉਪਰਾਲਾ ਨਾ ਕੀਤਾ, ਤਾਂ ਹੋਰ

ਸਾਰੇ ਕੰਮ ਵਿਅਰਥ ਚਲੇ ਜਾਣਗੇ, ਤੇ ਜਿੰਦ ਨੂੰ ਕੋਈ ਲਾਭ ਨਹੀਂ ਦੇ ਸਕਣਗੇ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਧਸੰਗਤਿ ਵਿਚ ਮਿਲ ਬੈਠਿਆ ਕਰ ਤੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਲਾਭ ਤਾਂ ਹੀ ਹੈ, ਜੇ ਉਥੇ ਤੂੰ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਵਿਚ ਜੁੜਿਆ ਕਰੇਂ। ਇਸ ਲਈ ਸੰਸਾਰ ਰੁਪੀ ਸਮੁੰਦਰ ਤੋਂ ਪਾਰ ਲੰਘਣ ਦੇ ਉਪਰਾਲੇ ਲਈ ਪੂਰੀ ਲਗਨ ਨਾਲ ਲੱਗ ਜਾ, ਕਿਉਂਕਿ ਨਿਰੇ ਮਾਇਆ ਦੇ ਪਿਆਰ ਕਰਕੇ ਇਹ ਕੀਮਤੀ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥ {੧੨}

ਹਰ ਰੋਜ਼ ਉੱਦਮ ਨਾਲ ਇਸ ਸਰੀਰ ਨੂੰ ਪਾਲੀ ਪੋਸੀਦਾ ਹੈ, ਪਰੰਤੂ ਜੀਵਨ ਦਾ ਮੰਤਵ ਸਮਝਣ ਤੋਂ ਬਿਨਾ, ਇਹ ਮਨ ਮੂਰਖ ਤੇ ਬੇਸਮਝ ਹੀ ਰਹਿੰਦਾ ਹੈ। ਇਸ ਮਨ ਨੂੰ ਉਹ ਅਕਾਲ ਪੁਰਖੁ ਕਦੇ ਚੇਤੇ ਨਹੀਂ ਆਉਂਦਾ, ਜਿਸ ਨੇ ਇਸ ਨੂੰ ਪੈਦਾ ਕੀਤਾ ਹੈ, ਤੇ ਇਹ ਨਹੀਂ ਸਮਝਦਾ ਕਿ ਅਖ਼ੀਰ ਨੂੰ ਇਹ ਸਰੀਰ ਵੀ ਮਸਾਣਾਂ ਵਿਚ ਸੁੱਟ ਦਿੱਤਾ ਜਾਵੇਗਾ। ਇਸ ਲਈ ਅਜੇ ਵੀ ਵੇਲਾ ਹੈ, ਆਪਣੇ ਸਤਿਗੁਰੂ ਨਾਲ ਚਿੱਤ ਜੋੜ ਕੇ ਅਕਾਲ ਪੁਰਖੁ ਦਾ ਨਾਮੁ ਸਿਮਰ ਕੇ ਸਦਾ ਕਾਇਮ ਰਹਿਣ ਵਾਲਾ ਆਤਮਕ ਆਨੰਦ ਮਾਣ। ਗੁਰੂ ਸਾਹਿਬ ਸਮਝਾਂਦੇ ਹਨ ਕਿ, ਹੇ ਮਨੁੱਖ ਤੂੰ ਜਗਤ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਲਾਭ ਖੱਟਣ ਵਾਸਤੇ ਆਇਆ ਹੈ, ਪਰੰਤੂ ਤੂੰ ਕਿਸ ਖ਼ੁਆਰੀ ਵਾਲੇ ਕੰਮ ਵਿਚ ਰੁੱਝਾ ਪਿਆ ਹੈਂ? ਤੇਰੀ ਸਾਰੀ ਜੀਵਨ ਦੀ ਰਾਤ ਮੁੱਕਦੀ ਜਾ ਰਹੀ ਹੈ। ਪਸ਼ੂ ਪੰਛੀ ਕਲੋਲ ਕਰਦੇ ਰਹਿੰਦੇ ਹਨ, ਕਿਉਂਕਿ ਪਸ਼ੂ ਪੰਛੀਆਂ ਨੂੰ ਮੌਤ ਦੀ ਸਮਝ ਨਹੀਂ ਤੇ ਨਾ ਹੀ ਉਨ੍ਹਾਂ ਨੂੰ ਮੌਤ ਦਿੱਸਦੀ ਹੈ। ਪਰੰਤੂ ਮਨੁੱਖ ਵੀ ਉਨ੍ਹਾਂ ਦੇ ਨਾਲ ਹੀ ਜਾ ਰਲਿਆ ਹੈ, ਪਸ਼ੂ ਪੰਛੀਆਂ ਵਾਂਗੂੰ ਇਸ ਨੂੰ ਵੀ ਮੌਤ ਚੇਤੇ ਨਹੀਂ, ਤੇ ਇਹ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਹੈ। ਮਾਇਆ ਦੇ ਜਾਲ ਤੋਂ ਉਹੀ ਮਨੁੱਖ ਬਚਦੇ ਹਨ, ਜਿਹੜੇ ਅਕਾਲ ਪੁਰਖੁ ਦਾ ਸਦਾ ਕਾਇਮ ਰਹਿਣ ਵਾਲਾ ਨਾਮੁ ਆਪਣੇ ਹਿਰਦੇ ਵਿਚ ਵਸਾਂਦੇ ਹਨ। ਸਭ ਜੀਵ ਮਾਇਆ ਦੇ ਮੋਹ ਵਿਚ ਫਸੇ ਪਏ ਹਨ, ਇਸ ਮੋਹ ਵਿਚ ਫਸੇ ਹੋਏ ਉਹੀ ਮਨੁੱਖ ਬਾਹਰ ਨਿਕਲਦੇ ਹਨ, ਜਿਹੜੇ ਗੁਰੂ ਦੀ ਚਰਨੀਂ ਪੈ ਜਾਂਦੇ ਹਨ।

ਸਿਰੀਰਾਗੁ ਮਹਲਾ ੫ ॥ ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥ ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥ ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ ॥ ੧॥ ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ ਰਹਾਉ ॥ ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥ ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥ ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥੨॥ ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥ ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥ ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ ॥ ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥ ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥੪॥੩॥ ੭੩॥ {੪੩}

ਪੁਤਰ, ਇਸਤ੍ਰੀ, ਘਰ ਦੇ ਹੋਰ ਸਾਰੇ ਲੋਕ ਮਾਇਆ ਦੇ ਹੀ ਸਾਕ ਹਨ। ਅਖ਼ੀਰ ਵੇਲੇ ਇਨ੍ਹਾਂ ਵਿਚੋਂ ਕੋਈ ਵੀ ਤੇਰਾ ਸਹਾਈ ਨਹੀਂ ਹੋਵੇਗਾ, ਸਾਰੇ ਝੂਠਾ ਪਿਆਰ ਕਰਨ ਵਾਲੇ ਹਨ। ਇਸ ਲਈ ਆਪਣੇ ਇਸ ਸਰੀਰ ਨੂੰ ਕਿਉਂ ਲਾਡਾਂ ਨਾਲ ਪਾਲਦਾ ਰਹਿੰਦਾ ਹੈਂ? ਜਿਵੇਂ ਹਵਾ ਨਾਲ ਧੂਆਂ ਤੇ ਬੱਦਲ ਉੱਡ ਜਾਂਦੇ ਹਨ, ਉਸੇ ਤਰ੍ਹਾਂ ਸਮੇਂ ਨਾਲ ਇਹ ਮਨੁੱਖਾ ਸਰੀਰ ਵੀ ਇਕ ਦਿਨ ਨਾਸ ਹੋ ਜਾਵੇਗਾ। ਅਕਾਲ ਪੁਰਖੁ ਨੇ ਮਾਇਆ ਦੇ ਤਿੰਨ ਗੁਣਾਂ ਦੇ ਅਸਰ ਹੇਠ ਰਹਿਣ ਵਾਲਾ ਤੇਰਾ ਇਹ ਸਰੀਰ ਬਣਾਇਆ ਹੈ, ਅਤੇ ਅੰਤ ਨੂੰ ਇਹ ਸਰੀਰ ਪਾਣੀ, ਕੁੱਤਿਆਂ, ਜਾਨਵਰਾਂ ਜਾਂ ਮਿੱਟੀ ਦੇ ਹਵਾਲੇ ਹੋ ਜਾਵੇਗਾ। ਅਕਾਲ ਪੁਰਖੁ ਨੇ ਅਨੇਕਾਂ ਤਰੀਕਿਆਂ ਨਾਲ ਤੇਰੇ ਸਰੀਰ ਦੇ ਸਾਰੇ ਅੰਗ ਬਣਾਏ ਹਨ, ਪਰ ਇਹ ਸਭ ਸੁਆਸਾਂ ਦੇ ਕੱਚੇ ਧਾਗੇ ਵਿਚ ਪਰੋਏ ਹੋਏ ਹਨ, ਜੋ ਕਿ ਇਕ ਦਿਨ ਟੁੱਟ ਜਾਵੇਗਾ ਤੇ ਇਸ ਮਨੁੱਖਾ ਸਰੀਰ ਦੇ ਸਾਰੇ ਅੰਗ ਬੇਕਾਰ ਹੋ ਜਾਣਗੇ। ਇਸ ਲਈ ਨਾਸ਼ਵੰਤ ਮਨੁੱਖਾ ਸਰੀਰ ਦੇ ਮੋਹ ਵਿਚ ਫਸ ਕੇ ਤੂੰ ਅਕਾਲ ਪੁਰਖੁ ਨੂੰ ਕਿਉਂ ਵਿਸਾਰੀ ਬੈਠਾ ਹੈ। ਜੇਕਰ ਸਮਾਂ ਨਿਕਲ ਗਿਆ ਤਾਂ ਫਿਰ ਹੱਥ ਮਲਦਾ ਹੀ ਰਹਿ ਜਾਵੇਗਾ। ਇਸ

ਲਈ ਸਿਰਫ਼ ਅਕਾਲ ਪੁਰਖੁ ਦਾ ਭਜਨ ਕਰਿਆ ਕਰ, ਸਬਦ ਗੁਰੂ ਦੁਆਰਾ ਉਸ ਅਕਾਲ ਪੁਰਖੁ ਨਾਲ ਸਾਂਝ ਪਾ, ਕਿਉਂਕਿ ਉਹੀ ਅਸਲ ਪਿਆਰ ਕਰਨ ਵਾਲਾ ਹੈ।

ਸੋਰਠਿ ਮਹਲਾ ੫ ॥ ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ ॥ ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ ॥੧॥ ਰੇ ਨਰ ਕਾਹੇ ਪਪੋਰਹੁ ਦੇਹੀ ॥ ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥ ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ ॥ ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥੨॥ ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ ॥ ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ ॥੩॥ ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ ॥ ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ ॥੪॥੪॥
{੬੦੯}

ਗੁਰੂ ਸਾਹਿਬ ਆਪਣੇ ਆਪ ਨੂੰ ਨੀਵਾਂ ਦੱਸਦੇ ਹੋਏ, ਆਮ ਮਨੁੱਖ ਦੀ ਅਵਸਥਾ ਸਮਝਾਂਦੇ ਹਨ, ਕਿ ਮੈਂ ਸਾਂਸੀਆਂ ਵਾਲੇ ਰੂਪ ਵਿਚ ਰਹਿੰਦਾ ਹਾਂ, ਮੇਰੇ ਨਾਲ ਇਕ ਕੁੱਤਾ ਜੋ ਕਿ ਲੋਭ ਹੈ, ਦੋ ਕੁੱਤੀਆਂ ਆਸਾ ਤੇ ਤ੍ਰਿਸ਼ਨਾ ਹਨ, ਮੇਰੇ ਹੱਥ ਵਿਚ ਝੂਠ ਦਾ ਛੁਰਾ ਹੈ, ਮੈਂ ਮਾਇਆ ਨਾਲ ਠੱਗਿਆ ਜਾ ਰਿਹਾ ਹਾਂ ਤੇ ਪਰਾਇਆ ਹੱਕ ਖਾਂਦਾ ਹਾਂ। ਨਾ ਤਾਂ ਮੈਂ ਤੇਰੀ ਨਸੀਹਤ ਉਪਰ ਚਲਦਾ ਹਾਂ, ਤੇ ਨਾ ਹੀ ਮੇਰੀ ਕਰਣੀ ਚੰਗੀ ਹੈ, ਤੇ ਮੈਂ ਸਦਾ ਡਰਾਉਣੇ ਤੇ ਵਿਗੜੇ ਹੋਇ ਰੂਪ ਵਾਲਾ ਬਣਿਆ ਰਹਿੰਦਾ ਹਾਂ। ਮੈਂ ਦਿਨ ਰਾਤ ਆਪਣੇ ਮੂੰਹ ਨਾਲ ਦੂਜਿਆਂ ਦੀ ਨਿੰਦਾ ਕਰਦਾ ਰਹਿੰਦਾ ਹਾਂ, ਮੈਂ ਨੀਚ ਤੇ ਨੀਵੇਂ ਕਰਮ ਕਰਨ ਵਾਲਾ ਹੋ ਗਿਆ ਹਾਂ, ਪਰਾਇਆ ਘਰ ਤੱਕਦਾ ਹਾਂ। ਮੇਰੇ ਸਰੀਰ ਵਿਚ ਕਾਮ ਤੇ ਕ੍ਰੋਧ ਦੋ ਚੰਡਾਲ ਵੱਸ ਰਹੇ ਹਨ। ਮੇਰਾ ਧਿਆਨ ਅਜੇਹੇ ਪਾਸੇ ਵੱਲ ਰਹਿੰਦਾ ਹੈ, ਕਿ ਲੋਕਾਂ ਨੂੰ ਕਿਸੇ ਤਰ੍ਹਾਂ ਠੱਗੀ ਵਿਚ ਫਸਾ ਲਵਾਂ। ਮੈਂ ਫ਼ਕੀਰਾਂ ਵਾਲਾ ਲਿਬਾਸ ਪਾਇਆ ਹੋਇਆ ਹੈ, ਤੇ ਠੱਗੀ ਦਾ ਅੱਡਾ ਬਣਾਇਆ ਹੋਇਆ ਹੈ, ਅਤੇ ਮੈਂ ਦੇਸ ਦੇ ਲੋਕਾਂ ਨੂੰ ਠੱਗ ਰਿਹਾ ਹਾਂ। ਜਿਉਂ ਜਿਉਂ ਮੈਂ ਆਪਣੇ ਵੱਲੋਂ ਹੋਰ ਸਿਆਣਾ ਬਣਦਾ ਹਾਂ, ਪਾਪਾਂ ਦਾ ਭਾਰ ਮੇਰੇ ਸਿਰ ਉੱਤੇ ਹੋਰ ਜਿਆਦਾ ਚੜ੍ਹਦਾ ਜਾਂਦਾ ਹੈ। ਹੇ ਅਕਾਲ ਪੁਰਖੁ! ਮੈਂ ਤੇਰੀਆਂ ਦਾਤਾਂ ਦੀ ਕਦਰ ਨਹੀਂ ਪਛਾਣੀ, ਮੈਂ ਪਰਾਇਆ ਹੱਕ ਖਾਂਦਾ ਹਾਂ। ਮੈਂ ਵਿਕਾਰੀ ਹਾਂ, ਮੈਂ ਤੇਰਾ ਚੋਰ ਹਾਂ, ਤੇਰੇ ਸਾਹਮਣੇ ਮੈਂ ਕਿਸ ਮੂੰਹ ਨਾਲ ਹਾਜ਼ਰ ਹੋਵਾਂਗਾ? ਮੈਨੂੰ ਹੁਣ ਸਿਰਫ਼ ਇਹੀ ਆਸ ਹੈ, ਇਹੋ ਆਸਰਾ ਹੈ, ਕਿ ਤੇਰਾ ਜਿਹੜਾ ਨਾਮੁ ਸਾਰੇ ਸੰਸਾਰ ਨੂੰ ਪਾਰ ਲੰਘਾਂਦਾ ਹੈ, ਉਹ ਮੈਨੂੰ ਵੀ ਪਾਰ ਲੰਘਾ ਲਏਗਾ।

ਸਿਰੀਰਾਗੁ ਮਹਲਾ ੧ ਘਰੁ ੪ ॥ ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥ ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥ ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੪॥੨੯॥
{੨੪}

ਇਸ ਸਬਦ ਵਿਚ, ਜੇ ਕਰ, ਗੁਰੂ ਨਾਨਕ ਸਾਹਿਬ, ਆਪਣੇ ਆਪ ਨੂੰ ਨੀਚ ਆਖ ਰਹੇ ਹਨ, ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ, ਕਿ ਅਸੀਂ ਕਿਤਨੇ ਕੁ ਨੀਚ ਹੋ ਸਕਦੇ ਹਾਂ, ਕਿਨ੍ਹੇ ਕੁ ਵਿਕਾਰੀ ਜੀਵਨ ਵਾਲੇ ਹੋ ਸਕਦੇ ਹਾਂ। ਨਾਮੁ ਸਬੰਧੀ ਅਸੀਂ ਖੁਦ ਹੀ ਦੂਸਰਿਆਂ ਲੋਕਾਂ ਕੋਲੋਂ ਸਿਖ ਸਿਖ ਕੇ ਤਰ੍ਹਾ ਤਰ੍ਹਾਂ ਦੇ ਭੁਲੇਖੇ ਪਾਏ ਹੋਏ ਹਨ। ਅਸੀਂ ਗੁਰਬਾਣੀ ਤੋਂ ਸਿਖਿਆ ਨਹੀਂ ਲੈਂਦੇ ਹਾਂ। ਇਸ ਲਈ ਸਾਨੂੰ ਖੁਦ ਅੰਦਾਜਾ ਲਾ ਲੈਣਾਂ ਚਾਹੀਦਾ ਹੈ, ਕਿ ਅਸੀਂ ਕਿਥੇ ਖੜੇ ਹਾਂ, ਸਾਨੂੰ ਕਿਨਾਂ ਕੁ ਸੁਧਰਨ ਦੀ ਲੋੜ ਹੈ। ਵਿਕਾਰੀ ਜੀਵਨ ਬਤੀਤ ਕਰਨ ਵਾਲਾ ਮਨੁੱਖ ਆਪਣੇ ਆਪ ਨੂੰ ਨਾਮੁ ਜਪਣ ਵਾਲਾ ਨਹੀਂ ਕਹਿਲਾ ਸਕਦਾ ਹੈ। ਨਾ ਤਾਂ ਮੈਂ ਗੁਰੂ ਦੀ ਸਿਖਿਆ ਉਪਰ ਚਲਦਾ ਹਾਂ, ਤੇ ਨਾ ਹੀ ਮੇਰੀ ਕਰਣੀ ਚੰਗੀ ਹੈ, ਤੇ ਮੈਂ ਸਦਾ ਡਰਾਉਣੇ ਤੇ ਵਿਗੜੇ ਹੋਇ ਰੂਪ ਵਾਲਾ ਬਣਿਆ ਰਹਿੰਦਾ ਹਾਂ। ਸਿਰਫ ਅਕਾਲ ਪੁਰਖੁ ਦਾ ਨਾਮੁ ਹੀ ਮੈਨੂੰ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾਂ ਸਕਦਾ ਹੈ। ਨਾਮੁ ਜਪਣ ਲਈ ਵਿਕਾਰਾਂ ਤੇ ਕਾਬੂ ਕਰਨਾ ਜਰੂਰੀ ਹੈ, ਇਸ ਲਈ ਸਾਨੂੰ ਗੁਰਬਾਣੀ ਅਨੁਸਾਰ ਨਾਮੁ ਜਪਣਾ ਸਿਖਣਾ ਹੈ।

ਪੂਰਨ ਸਤਿਗੁਰ ਦੀ ਸਿਖਿਆ ਦੁਆਰਾ ਹਾਸਲ ਕੀਤੇ ਗਏ ਗਿਆਨੁ ਨੂੰ ਜੀਵਨ ਵਿਚ ਅੱਠੇ ਪਹਰ ਅਪਨਾਉਣਾਂ ਹੀ ਨਾਮੁ ਜਪਣਾ ਹੈ। ਲੋਕਾਂ ਦੇ ਦੁਖ ਭੱਜਨੀ ਦੇ ਬਣਾਏ ਗਏ ਗੁਟਕਿਆਂ ਵਿਚ ਲਿਖੇ ਗਏ ਸਬਦਾ ਦੇ ਰਟਨ ਕਰਨ ਨਾਲ ਕੁਝ ਨਹੀਂ

ਹੋਣਾ ਹੈ। ਪੂਰਨ ਸਤਿਗੁਰ ਦੀ ਸਿਖਿਆ ਦੁਆਰਾ ਹਾਸਲ ਕੀਤੇ ਗਏ ਗਿਆਨੁ ਨੂੰ "ਆਠ ਪਹਰ ਆਰਾਧੀਐ", ਅੱਠੇ ਪਹਰ ਜੀਵਨ ਵਿਚ ਅਪਨਾਉਣਾਂ ਹੈ। ਜਿਸ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਵੱਸ ਜਾਂਦਾ ਹੈ, ਉਹ ਹਿਰਦਾ ਸੋਹਾਵਣਾ ਬਣ ਜਾਂਦਾ ਹੈ। ਇਹ ਧਿਆਨ ਵਿਚ ਰੱਖਣਾ ਹੈ, ਕਿ ਨਾਮੁ ਹਿਰਦੇ ਵਿਚ ਵਸਾਉਂਣਾ ਹੈ, ਮੂੰਹ ਤਕ ਸੀਮਿਤ ਨਹੀਂ ਰਹਿੰਣਾਂ ਚਾਹੀਦਾ। ਅਕਾਲ ਪੁਰਖੁ ਦੇ ਗੁਣ ਇਸ ਤਰ੍ਹਾਂ ਗਾਇਨ ਕਰਨੇ ਹਨ, ਕਿ ਹਿਰਦੇ ਵਿਚ ਰਸ ਪੈਦਾ ਹੋ ਜਾਵੇ। ਖਾਲੀ ਰਟਨ ਕਰਨ ਨਾਲ ਮੂੰਹ ਸੁਕਦਾ ਹੈ ਤੇ ਮੂੰਹ ਵਿਚ ਕੋਈ ਰਸ ਪੈਦਾ ਨਹੀਂ ਹੁੰਦਾ ਹੈ। ਗੁਰਬਾਣੀ ਦੁਆਰਾ ਹਾਸਲ ਕੀਤਾ ਗਿਆ ਗਿਆਨੁ ਹੀ, ਨਾਮੁ ਜਪਣਾ ਹੈ। ਇਸ ਲਈ ਨਾਮੁ ਜਪਣ ਲਈ ਗੁਰਬਾਣੀ ਦੁਆਰਾ ਗਿਆਨੁ ਹਾਸਲ ਕਰਨਾ ਜਰੂਰੀ ਹੈ। ਸਚਿਆਰ ਜੀਵਨ ਬਣਾਉਂਣ ਦੇ ਰਸਤੇ ਤੇ ਚਲਣ ਲਈ ਅਕਾਲ ਪੁਰਖੁ ਦੇ ਹੁਕਮੁ ਪਛਾਨਣਾ ਬਹੁਤ ਜਰੂਰੀ ਹੈ।

ਗਉੜੀ ਮਹਲਾ ੫ ਮਾਂਝ ॥ ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥ {੨੧੮}

ਜੇਕਰ ਹੱਥ ਪੈਰ ਜਾਂ ਸਰੀਰ ਲਿੱਬੜ ਜਾਵੇ, ਤਾਂ ਪਾਣੀ ਨਾਲ ਧੋ ਕੇ ਮੈਲ ਉਤਾਰੀ ਜਾ ਸਕਦੀ ਹੈ। ਜੇ ਕੋਈ ਕੱਪੜਾ ਮਲ ਮੂਤਰ ਨਾਲ ਗੰਦਾ ਹੋ ਜਾਏ, ਤਾਂ ਉਸ ਨੂੰ ਸਾਬਣ ਲਾ ਕੇ ਧੋਤਾ ਜਾ ਸਕਦਾ ਹੈ। ਪਰੰਤੂ ਜੇਕਰ ਮਨੁੱਖ ਦੀ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਤਾਂ ਉਹ ਪਾਪ ਸਿਰਫ ਅਕਾਲ ਪੁਰਖ ਦੇ ਨਾਮੁ ਵਿਚ ਰੰਗਿਆਂ ਹੀ ਧੋਤੇ ਜਾ ਸਕਦੇ ਹਨ। ਪੁੰਨ ਜਾਂ ਪਾਪ ਨਿਰੇ ਕਹਿਣ ਵਾਸਤੇ ਨਹੀਂ ਹਨ, ਬਲਕਿ ਜਿਹੋ ਜਿਹੇ ਕਰਮ ਕਰਾਂਗੇ, ਉਹੋ ਜਿਹੇ ਸੰਸਕਾਰ ਆਪਣੇ ਅੰਦਰ ਲਿਖ ਕੇ ਨਾਲ ਲੈ ਜਾਵਾਂਗੇ। ਜੋ ਕੁਝ ਅਸੀਂ ਬੀਜਾਂਗੇ, ਉਸ ਦੇ ਅਨੁਸਾਰ ਫਲ ਵੀ ਅਸੀਂ ਆਪ ਹੀ ਖਾਵਾਂਗੇ। ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਜਨਮ ਮਰਨ ਦੇ ਗੇੜ ਵਿਚ ਪਏ ਰਹਾਂਗੇ। ਮਾਇਆ ਦੇ ਪਰਭਾਵ ਦੇ ਕਾਰਨ ਮਨੁੱਖ ਵਿਕਾਰਾਂ ਵਿਚ ਪਇਆ ਰਹਿੰਦਾ ਹੈ, ਤੇ ਉਸ ਦੀ ਮੱਤ ਮੈਲੀ ਹੋ ਜਾਂਦੀ ਹੈ। ਇਹ ਮਨ ਦੀ ਮੈਲ ਮਨੁੱਖ ਨੂੰ ਸੁੱਧ ਸਰੂਪ ਅਕਾਲ ਪੁਰਖੁ ਤੋਂ ਵਿਛੋੜੀ ਰੱਖਦੀ ਹੈ, ਤੇ ਜੀਵ ਦੁਖੀ ਹੁੰਦਾ ਰਹਿੰਦਾ ਹੈ। ਅਕਾਲ ਪੁਰਖੁ ਦਾ ਨਾਮੁ ਇਕ ਅਜੇਹਾ ਵਸੀਲਾ ਹੈ, ਜਿਸ ਨਾਲ ਮਨ ਦੀ ਇਹ ਮੈਲ ਧੁਪ ਸਕਦੀ ਹੈ। ਅਕਾਲ ਪੁਰਖੁ ਦਾ ਨਾਮੁ ਸਿਮਰਨ ਤਾਂ, ਵਿਕਾਰਾਂ ਦੀ ਮੈਲ ਧੋ ਕੇ ਮਨ ਨੂੰ, ਅਕਾਲ ਪੁਰਖ ਨਾਲ ਮੇਲਣ ਵਾਸਤੇ ਹੈ, ਪਰੰਤੂ, ਪ੍ਰਭੂ ਤੇ ਉਸ ਦੀ ਰਚਨਾ ਦਾ ਅੰਤ ਪਾਣ ਲਈ, ਜੀਵ ਨੂੰ ਉਸ ਦੇ ਸਮਰਥ ਨਹੀਂ ਬਣਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਜਪੁ ਸਾਹਿਬ ਪਹਿਲੀ ਪਉੜੀ ਵਿਚ ਗੁਰਮਤਿ ਦੇ ਸਿਧਾਂਤ ਬਾਰੇ ਸਮਝਾਇਆ ਹੈ, "ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ"। ਦੂਸਰੀ ਪਉੜੀ ਵਿਚ ਸਪੱਸ਼ਟ ਸਮਝਾਇਆ ਗਿਆ ਹੈ, ਕਿ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੇ ਖ਼ਾਸ ਨਿਯਮਾਂ ਅਨੁਸਾਰ ਚੱਲ ਰਹੀ ਹੈ, ਤੇ ਇਨ੍ਹਾਂ ਨਿਯਮਾਂ ਨੂੰ ਗੁਰੂ ਨਾਨਕ ਸਾਹਿਬ ਨੇ ਹੁਕਮੁ ਦੱਸਿਆ ਹੈ, "ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ", ਹੁਣ ਇਸ ਪਉੜੀ ਵਿਚ ਉਪਰਲੀਆਂ ਤੁਕਾਂ ਵਾਲਾ ਖ਼ਿਆਲ ਬਿਲਕੁਲ ਸਾਫ਼ ਕੀਤਾ ਗਿਆ ਹੈ। ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੇ ਖ਼ਾਸ ਨੀਯਮਾਂ ਵਿਚ ਚੱਲ ਰਹੀ ਹੈ, ਤੇ ਇਹਨਾਂ ਨੀਯਮਾਂ ਨੂੰ ਗੁਰੂ ਨਾਨਕ ਸਾਹਿਬ ਨੇ ਹੁਕਮੁ ਦੱਸਿਆ ਹੈ। ਅਕਾਲ ਪੁਰਖ ਦੇ ਨਿਯਮ ਅਜੇਹੇ ਹਨ, ਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਫਲ ਪਾਂਦਾ ਹੈ। ਉਸ ਦੇ ਆਪਣੇ ਮਨ ਤੇ ਸਰੀਰ ਅੰਦਰ ਉਹੋ ਜਿਹੇ ਹੀ ਚੰਗੇ ਮੰਦੇ ਸੰਸਕਾਰ ਬਣ ਜਾਂਦੇ ਹਨ, ਤੇ ਉਨ੍ਹਾਂ ਅਨੁਸਾਰ ਜਨਮ ਮਰਨ ਦੇ ਗੇੜ ਵਿਚ {ਵਿਕਾਰਾਂ ਵਿਚ} ਪਿਆ ਰਹਿੰਦਾ ਹੈ। ਜੇਕਰ ਸਬਦ ਗੁਰੂ ਦੁਆਰਾ ਨਾਮੁ ਦੀ ਸੋਝੀ ਮਿਲ ਜਾਵੇਂ ਤਾਂ ਮਨੁੱਖ, ਅਕਾਲ ਪੁਰਖ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਕੇ ਆਪਣਾ ਮਨੁੱਖਾ ਜਨਮ ਸਫਲ ਕਰ ਸਕਦਾ ਹੈ।

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥ {੪}

ਗਲਾਸ ਦੇ ਗੰਦੇ ਪਾਣੀ ਵਿਚ, ਜੇ ਕਰ ਲਗਾਤਾਰ ਸਾਫ ਪਾਣੀ ਪਾਉਂਦੇ ਰਹੀਏ ਤੇ ਗੰਦਾ ਪਾਣੀ ਬਾਹਰ ਕੱਡਦੇ ਰਹੀਏ ਤਾਂ ਉਹ ਪਾਣੀ ਵੀ ਹੌਲੀ ਹੌਲੀ ਸ਼ੁਧ ਹੁੰਦਾ ਜਾਂਦਾ ਹੈ। ਇਸੇ ਤਰ੍ਹਾਂ ਜੇ ਕਰ ਮੱਤ ਵਿਚ ਲਗਾਤਾਰ ਨਾਮੁ ਰੂਪੀ ਸੱਚੀ ਬਾਣੀ ਦਾ

ਗਿਆਨੁ ਪਾਉਂਦੇ ਰਹੀਏ, ਤਾਂ ਹੌਲੀ ਹੌਲੀ, ਉਹ ਮੱਤ ਵਿਕਾਰ ਰਹਿਤ ਹੋ ਜਾਂਦੀ ਹੈ। ਜਾਂ ਕਹਿ ਲਓ ਕਿ ਜਿਸ ਤਰ੍ਹਾਂ ਬੱਸ ਵਿਚ ਸਫਰ ਕਰਨ ਲਈ, ਟਿਕਟ ਦੀ ਲੋੜ ਹੁੰਦੀ ਹੈ, ਠੀਕ ਉਸੇ ਤਰ੍ਹਾਂ ਅਕਾਲ ਪੁਰਖੁ ਦੇ ਦਰ ਤੇ ਜੀਵਨ ਸਫਲ ਕਰਨ ਲਈ ਨਾਮੁ ਰੂਪੀ ਟਿਕਟ ਦੀ ਲੋੜ ਹੈ। ਇਸ ਲਈ {ਹੁਕਮੁ + ਰਜਾ} ਅਨੁਸਾਰ ਚਲਣ ਦੀ ਟਿਕਟ ਲੈਣੀ ਹੈ।

ਜਿਵੇਂ ਦਾਣਿਆਂ ਤੋਂ ਬਿਨਾ ਖ਼ਾਲੀ ਛਿਲਕੇ ਕਿਸੇ ਕੰਮ ਨਹੀਂ ਆਉਂਦੇ ਹਨ, ਉਸੇ ਤਰ੍ਹਾਂ ਉਹ ਮੂੰਹ ਸੁੰਞੇ ਹਨ, ਜੋ ਅਕਾਲ ਪੁਰਖੁ ਦਾ ਨਾਮੁ ਨਹੀਂ ਜਪਦੇ। ਇਸ ਲਈ ਗੁਰੂ ਸਾਹਿਬ ਸਮਝਾਂਦੇ ਹਨ ਕਿ ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਇਹ ਪਰਾਇਆ ਸਰੀਰ ਜੋ ਕਿ ਮੌਤ ਆਉਣ ਵੇਲੇ ਇਥੇ ਹੀ ਛੱਡਣਾ ਪੈਂਣਾ ਹੈ, ਫਿਟਕਾਰਨ ਯੋਗ ਹੋ ਜਾਵੇਗਾ। ਜਿਸ ਬੀਜ ਅੰਦਰ ਦਾਣਾਂ ਨਹੀਂ, ਉਹ ਸੁਟ ਦਿਤਾ ਜਾਂਦਾ ਹੈ, ਜਿਸ ਸਰੀਰ ਅੰਦਰ ਨਾਮੁ ਨਹੀਂ ਉਹ ਧ੍ਰਿਗ ਹੈ। ਅਕਾਲ ਪੁਰਖੁ ਦਾ ਨਾਮੁ ਜਪਣ ਤੋਂ ਬਿਨਾ ਕਿਸੇ ਦੇ ਮੱਥੇ ਉਤੇ ਭਾਗ ਨਹੀਂ ਖੁਲ ਸਕਦੇ, ਤੇ ਖਸਮ ਤੋਂ ਬਿਨਾ ਜੀਵ ਰੂਪੀ ਇਸਤ੍ਰੀ ਸੁਹਾਗਣ ਨਹੀਂ ਹੋ ਸਕਦੀ। ਜਿਹੜਾ ਮਨੁੱਖ ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਹੋਰ ਹੋਰ ਸੁਆਦਾਂ ਵਿਚ ਲੱਗਿਆ ਰਹਿੰਦਾ ਹੈ, ਉਸ ਦੀ ਕੋਈ ਆਸ ਪੂਰੀ ਨਹੀਂ ਹੋ ਸਕਦੀ। ਜੇ ਕਰ ਹਿਰਦੇ ਅੰਦਰ ਨਾਮੁ ਨਹੀਂ, ਅਕਾਲ ਪੁਰਖੁ ਦੇ ਗੁਣਾਂ ਦਾ ਗਿਆਨ ਨਹੀਂ, ਤਾਂ ਫਿਰ ਜੀਵਨ ਦਾ ਰਸਤਾ ਕਿਸ ਤਰ੍ਹਾਂ ਪਤਾ ਲੱਗ ਸਕੇਗਾ। ਜੇ ਕਰ ਜੀਵਨ ਦੇ ਰਸਤੇ ਦਾ ਪਤਾ ਨਹੀਂ, ਤਾਂ ਕਿਧਰ ਜਾਵੇਗਾ, ਮੰਜਲ ਤਕ ਕਿਸ ਤਰ੍ਹਾਂ ਪਹੁੰਚ ਸਕੇਗਾ, ਸਭ ਇਛਾਵਾਂ ਕਿਸ ਤਰ੍ਹਾਂ ਪੂਰੀਆਂ ਹੋਣਗੀਆਂ। ਇਸ ਲਈ ਅਕਾਲ ਪੁਰਖੁ ਅੱਗੇ ਇਹੀ ਅਰਦਾਸ ਕਰਨੀ ਹੈ, ਕਿ ਹੇ ਅਕਾਲ ਪੁਰਖੁ ਮੇਰੇ ਤੇ ਮਿਹਰ ਕਰੋ ਤੇ ਮੈਨੂੰ ਆਪਣੇ ਨਾਮੁ ਦੀ ਦਾਤ ਬਖ਼ਸ਼ੋ। ਸਿਰਫ ਅਰਦਾਸ ਹੀ ਨਹੀਂ ਕਰਨੀ, ਦਿਨ ਰਾਤ ਅਕਾਲ ਪੁਰਖੁ ਦਾ ਨਾਮੁ ਗੁਰਬਾਣੀ ਅਨੁਸਾਰ ਜਪਣਾ ਹੈ, ਤੇ ਗੁਰਬਾਣੀ ਦੁਆਰਾ ਗਿਆਨੁ ਹਾਸਲ ਕਰਨਾ ਹੈ। ਜਿਸ ਮਨੁੱਖ ਨੂੰ ਅਕਾਲ ਪੁਰਖੁ ਆਪਣੇ ਨਾਮੁ ਦੀ ਦਾਤ ਬਖ਼ਸ਼ਦਾ ਹੈ, ਉਹ ਦਿਨ ਰਾਤ ਉਸ ਦਾ ਨਾਮੁ ਜਪਦਾ ਰਹਿੰਦਾ ਹੈ।

ਗਉੜੀ ਮਹਲਾ ੫ ॥ ਕਣ ਬਿਨਾ ਜੈਸੇ ਥੋਥਰ ਤੁਖਾ ॥ ਨਾਮ ਬਿਹੂਨ ਸੂਨੇ ਸੇ ਮੁਖਾ ॥੧॥ ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥ ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥ ਰਹਾਉ ॥ ਨਾਮ ਬਿਨਾ ਨਾਹੀ ਮੁਖਿ ਭਾਗੁ ॥ ਭਰਤ ਬਿਹੂਨ ਕਹਾ ਸੋਹਾਗੁ ॥੨॥ ਨਾਮੁ ਬਿਸਾਰਿ ਲਗੈ ਅਨ ਸੁਆਇ ॥ ਤਾ ਕੀ ਆਸ ਨ ਪੂਜੈ ਕਾਇ ॥੩॥ ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥ {੧੯੨-੧੯੩}

ਜਦੋਂ ਅਸੀ ਆਪਣੇ ਮਨ ਵਿਚ ਚਤਰ ਬਣ ਕੇ, ਗੁਰੂ ਨੂੰ ਮਨੋਂ ਵਿਸਾਰ ਦੇਂਦੇ ਹਾਂ, ਗੁਰੂ ਦੀ ਸਿਖਿਆ ਦੀ ਲੋੜ ਨਹੀਂ ਸਮਝਦੇ, ਤਾਂ ਅਨੇਕਾਂ ਵਿਕਾਰ ਇਸ ਮਨ ਦੇ ਖਸਮ ਬਣ ਜਾਂਦੇ ਹਨ, ਮਨ ਕਦੇ ਕਿਸੇ ਵਿਕਾਰ ਤੇ ਕਦੇ ਕਿਸੇ ਵਿਕਾਰ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਜੇਕਰ ਗੁਰੂ ਦੀ ਸਿਖਿਆ ਚਿਤ ਵਿਚ ਨਾ ਵਸਾਈ ਜਾਵੇ ਤਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਹੀ ਰਹਿੰਦਾ ਹੈ, ਤੇ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਗੁਰਬਾਣੀ ਸਾਨੂੰ ਬਾਰ ਬਾਰ ਇਹੀ ਸੁਚੇਤ ਕਰਦੀ ਹੈ, ਕਿ ਅਕਾਲ ਪੁਰਖੁ ਦਾ ਨਾਮੁ ਸਾਡੇ ਜੀਵਨ ਦੇ ਹਰੇਕ ਪਹਿਲੂ ਲਈ ਬਹੁਤ ਜਰੂਰੀ ਹੈ। ਇਸ ਲਈ ਜੇਕਰ ਜੀਵਨ ਵਿਚ ਸੁਖ ਤੇ ਸ਼ਾਂਤੀ ਚਾਹੀਦੀ ਹੈ ਤਾਂ ਗੁਰੂ ਸਾਹਿਬ ਦੀ ਗੁਰਬਾਣੀ ਵਿਚ ਦਿਤੀ ਗਈ ਸਿਖਿਆ ਨੂੰ ਚਿਤ ਲਾ ਸਮਝਣਾ ਪਵੇਗਾ ਤੇ ਜੀਵਨ ਵਿਚ ਅਪਨਾਉਣਾ ਪਵੇਗਾ।

ਮ: ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥ {ਪੰਨਾ ੪੬੩}

ਗੁਰਬਾਣੀ ਸਾਨੂੰ ਬਾਰ ਬਾਰ ਇਹੀ ਸੁਚੇਤ ਕਰਦੀ ਹੈ, ਕਿ ਅਕਾਲ ਪੁਰਖੁ ਦਾ ਨਾਮੁ ਸਾਡੇ ਜੀਵਨ ਦੇ ਹਰੇਕ ਪਹਿਲੂ ਲਈ ਬਹੁਤ ਜਰੂਰੀ ਹੈ। ਇਸ ਲਈ ਜੇਕਰ ਜੀਵਨ ਵਿਚ ਸੁਖ ਤੇ ਸ਼ਾਂਤੀ ਚਾਹੀਦੀ ਹੈ ਤਾਂ ਗੁਰੂ ਸਾਹਿਬ ਦੀ ਗੁਰਬਾਣੀ ਵਿਚ ਦਿਤੀ ਗਈ ਸਿਖਿਆ ਨੂੰ ਚਿਤ ਲਾ ਸਮਝਣਾ ਪਵੇਗਾ ਤੇ ਜੀਵਨ ਵਿਚ ਅਪਨਾਉਣਾ ਪਵੇਗਾ।

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ {੬੬੭, ੬੬੮}

ਗੁਰੂ ਸਾਹਿਬ ਸਮਝਾਂਦੇ ਹਨ, ਕਿ ਅਕਾਲ ਪੁਰਖੁ ਅੱਗੇ ਇਹੀ ਅਰਦਾਸ ਕਰਨੀ ਹੈ ਕਿ, ਹੇ ਮੇਰੇ ਗੋਬਿੰਦ! ਮੈਨੂੰ ਮਿਲੋ, ਤੇ ਮੈਨੂੰ ਆਪਣਾ ਨਾਮੁ ਦਿਉ। ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਹੋਰ ਦੁਨੀਆਂ ਵਾਲੇ ਮੋਹ ਤੇ ਪਿਆਰ ਸਭ ਵਿਅਰਥ ਤੇ ਫਿਟਕਾਰਨ

ਯੋਗ ਹਨ। ਅਕਾਲ ਪੁਰਖੁ ਦੇ ਨਾਮੁ ਦੀ ਯਾਦ ਤੋਂ ਬਿਨਾ ਮਨੁੱਖ ਜੋ ਕੁਝ ਵੀ ਪਹਿਨਦਾ ਹੈ, ਖਾਂਦਾ ਹੈ, ਉਹ ਇਉਂ ਹੀ ਹੈ, ਜਿਵੇਂ ਕਿ ਕੋਈ ਕੁੱਤਾ ਆਪਣਾ ਮੂੰਹ, ਜੂਠੀਆਂ ਤੇ ਗੰਦੀਆਂ ਚੀਜ਼ਾਂ ਵਿਚ ਪਾਂਦਾ ਫਿਰਦਾ ਹੈ। ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਮਨੁੱਖ ਹੋਰ ਜਿਤਨੇ ਵੀ ਕਾਰ ਵਿਹਾਰ ਕਰਦਾ ਹੈ, ਉਹ ਇੰਜ ਹਨ ਜਿਵੇਂ ਕਿ ਕਿਸੇ ਮੁਰਦੇ ਨੂੰ ਸ਼ਿੰਗਾਰਨਾ ਝੂਠਾ ਤੇ ਵਿਅਰਥ ਉੱਦਮ ਹੈ। ਜਿਹੜਾ ਮਨੁੱਖ ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਦੁਨੀਆਂ ਦੇ ਪਦਾਰਥ ਭੋਗਦਾ ਰਹਿੰਦਾ ਹੈ, ਉਸ ਨੂੰ ਉਨ੍ਹਾਂ ਭੋਗਾਂ ਤੋਂ ਸੁਪਨੇ ਵਿਚ ਵੀ ਕਦੇ ਸੁਖ ਨਹੀਂ ਮਿਲ ਸਕਦਾ, ਪਰ, ਹਾਂ ਇਨ੍ਹਾਂ ਪਦਾਰਥ ਦੇ ਭੋਗਣ ਨਾਲ ਉਸ ਦੇ ਸਰੀਰ ਵਿਚ ਰੋਗ ਜਰੂਰ ਪੈਦਾ ਹੋ ਸਕਦੇ ਹਨ। ਜਿਹੜਾ ਮਨੁੱਖ ਅਕਾਲ ਪੁਰਖੁ ਦਾ ਨਾਮੁ ਛੱਡ ਕੇ ਹੋਰ ਹੋਰ ਕੰਮ ਕਾਜ ਕਰਦਾ ਰਹਿੰਦਾ ਹੈ, ਉਸ ਦਾ ਆਤਮਕ ਜੀਵਨ ਨਾਸ ਹੋ ਜਾਂਦਾ ਹੈ, ਤੇ ਉਸ ਦੇ ਦੁਨੀਆਂ ਵਾਲੇ ਸਾਰੇ ਵਿਖਾਵੇ ਵਿਅਰਥ ਚਲੇ ਜਾਂਦੇ ਹਨ। ਜਿਹੜਾ ਮਨੁੱਖ ਆਪਣੇ ਮਨ ਵਿਚ ਅਕਾਲ ਪੁਰਖੁ ਦੇ ਨਾਮੁ ਨਾਲ ਪ੍ਰੀਤਿ ਨਹੀਂ ਜੋੜਦਾ ਹੈ, ਉਹ ਹੋਰ ਕ੍ਰੋੜਾਂ ਹੀ ਮਿੱਥੇ ਹੋਏ ਧਾਰਮਿਕ ਕੰਮ ਕਰਦਾ ਹੋਇਆਂ ਵੀ ਸਦਾ ਨਰਕਾਂ ਵਿਚ ਪਿਆ ਰਹਿੰਦਾ ਹੈ। ਜਿਸ ਮਨੁੱਖ ਨੇ ਅਕਾਲ ਪੁਰਖੁ ਦਾ ਨਾਮੁ ਨਹੀਂ ਸਿਮਰਿਆ, ਉਸ ਦੀ ਹਾਲਤ ਉਸ ਤਰ੍ਹਾਂ ਹੁੰਦੀ ਹੈ, ਜਿਵੇਂ ਕੋਈ ਚੋਰ ਸੰਨ੍ਹ ਲਾਉਂਦਾ ਫੜਿਆ ਜਾਂਦਾ ਹੈ ਤੇ ਫਿਰ ਲੋਕਾਂ ਤੇ ਪੁਲੀਸ ਕੋਲੋਂ ਮਾਰ ਖਾਂਦਾ ਹੈ ਅਤੇ ਜੇਲ ਵਿਚ ਪਿਆ ਰਹਿੰਦਾ ਹੈ। ਇਸੇ ਤਰ੍ਹਾਂ ਨਾਮੁ ਨਾ ਸਿਮਰਨ ਵਾਲਾ ਮਨੁੱਖ ਵੀ ਜਮ ਦੀ ਪੁਰੀ ਵਿਚ ਬੱਝਾ ਰਹਿੰਦਾ ਹੈ, ਭਾਵ ਉਹ ਆਤਮਕ ਮੌਤ ਦੇ ਪੰਜੇ ਵਿਚ ਫਸਿਆ ਰਹਿੰਦਾ ਹੈ ਤੇ ਆਪਣੇ ਮਨ ਤੇ ਸਰੀਰ ਉੱਪਰ ਦੁਖਾਂ ਦੀਆਂ ਚੋਟਾਂ ਸਹਾਰਦਾ ਰਹਿੰਦਾ ਹੈ। ਦੁਨੀਆਂ ਵਿਚ ਇੱਜ਼ਤ ਬਣਾਈ ਰੱਖਣ ਲਈ ਲੱਖਾਂ ਤਰ੍ਹਾਂ ਦੇ ਵਿਖਾਵੇ, ਉੱਦਮ ਤੇ ਹੋਰ ਅਨੇਕਾਂ ਤਰ੍ਹਾਂ ਦੇ ਖਿਲਾਰੇ, ਇਹ ਸਾਰੇ ਹੀ ਅਕਾਲ ਪੁਰਖੁ ਦੇ ਨਾਮੁ ਤੋਂ ਬਿਨਾ ਵਿਅਰਥ ਕਰਮ ਹਨ। ਪਰੰਤੂ, ਉਹੀ ਮਨੁੱਖ ਅਕਾਲ ਪੁਰਖੁ ਦਾ ਨਾਮੁ ਸਿਮਰਦਾ ਹੈ, ਜਿਸ ਨੂੰ ਅਕਾਲ ਪੁਰਖੁ ਆਪ ਕਿਰਪਾ ਕਰ ਕੇ ਇਹ ਦਾਤ ਬਖਸ਼ਦਾ ਹੈ।

ਗਉੜੀ ਮਹਲਾ ੫ ॥ ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ ਰਹਾਉ ॥ ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰ ਜੂਠਨ ਮਹਿ ਪਾਇ ॥੧॥ ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥ ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥ ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥੪॥ ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥ ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥ ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥੭॥ ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥ {੨੪੦}

ਇਹ ਧਿਆਨ ਵਿਚ ਰੱਖਣਾ ਹੈ ਕਿ ਉੱਪਰ ਲਿਖੇ ਸਬਦ ਵਿਚ ਲਿਖੀਆਂ ਹੋਈਆਂ ਚਿਤਾਵਨੀਆਂ ਕੋਈ ਰਵਾਇਤੀ ਗੱਲਾਂ ਜਾਂ ਇਕ ਸ਼ਰਾਪ ਦੀ ਤਰ੍ਹਾਂ ਨਹੀਂ ਹਨ, ਬਲਕਿ ਮਨੁੱਖਾ ਜੀਵਨ ਦੀਆਂ ਹਕੀਕਤਾਂ ਹਨ। ਕੁਦਰਤ ਦੀ ਸਚਾਈ ਬਾਰੇ ਨਾਮੁ ਦੇ ਮਿਲਣ ਤੋਂ ਬਿਨਾ ਪਤਾ ਨਹੀਂ ਲਗ ਸਕਦਾ, ਤੇ ਹੁਕਮੁ ਨੂੰ ਪਛਾਨਣ ਤੋਂ ਬਿਨਾ ਜੀਵਨ ਦੇ ਸਹੀ ਮਾਰਗ ਬਾਰੇ ਪਤਾ ਨਹੀਂ ਲਗ ਸਕਦਾ। ਗੁਰਬਾਣੀ ਨੂੰ ਵਿਚਾਰਨ ਤੋਂ ਬਿਨਾ ਅਕਾਲ ਪੁਰਖ ਦੇ ਨਾਮੁ ਤੇ ਹੁਕਮੁ ਦੀ ਸਚਾਈ ਸਮਝ ਨਹੀਂ ਆ ਸਕਦੀ। ਜੇਕਰ ਸਹੀ ਰਸਤੇ ਦਾ ਪਤਾ ਨਾ ਹੋਵੇ ਤਾਂ ਮੰਜਲ ਤਕ ਪਹੁੰਚਿਆ ਨਹੀਂ ਜਾ ਸਕਦਾ, ਕੀ ਖਾਣਾਂ ਹੈ ਸਮਝ ਨਹੀਂ ਆ ਸਕਦਾ, ਕੀ ਗਲਤ ਹੈ ਜਾਂ ਠੀਕ ਹੈ ਉਸ ਦਾ ਪਤਾ ਨਹੀਂ ਲਗਦਾ, ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ ਹੈ ਸਹੀ ਜਾਣਕਾਰੀ ਨਹੀਂ ਮਿਲਦੀ, ਕਦੋਂ ਖਾਣਾਂ ਹੈ ਤੇ ਕਦੋਂ ਨਹੀਂ ਖਾਂਣਾ ਹੈ, ਉਸ ਦੇ ਭੁਲੇਖੇ ਵਿਚ ਪਏ ਰਹਿੰਦੇ ਹਾਂ, ਕਿਸ ਤਰ੍ਹਾਂ ਦੀ ਲੋਕਾਚਾਰੀ ਕਰਨੀ ਹੈ ਤੇ ਕਿਸ ਤਰ੍ਹਾਂ ਦੀ ਨਹੀਂ, ਆਦਿ। ਇਨ੍ਹਾਂ ਸਭ ਵਿਸ਼ਿਆਂ ਸਬੰਧੀ ਜਾਣਕਾਰੀ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਲਈ ਜਾ ਸਕਦੀ ਹੈ। ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਹੁਕਮੁ ਨੂੰ ਪਛਾਣਿਆ ਜਾ ਸਕਦਾ ਹੈ, ਅਕਾਲ ਪੁਰਖ ਦਾ ਨਾਮੁ ਪਾਇਆ ਜਾ ਸਕਦਾ ਹੈ, ਤੇ ਮਨੁੱਖਾ ਜੀਵਨ ਦਾ ਮੰਤਵ ਸਮਝ ਕੇ ਮਨੁੱਖਾ ਜਨਮ ਸਫਲ ਕੀਤਾ ਜਾ ਸਕਦਾ ਹੈ।

ਸਰੀਰ ਇਥੋਂ ਚਲਦਾ ਹੈ ਅਤੇ ਇਥੇ ਹੀ ਰਹਿ ਜਾਂਦਾ ਹੈ। ਮਨ/ਆਤਮਾ ਅਕਾਲ ਪੁਰਖ ਤੋਂ ਚਲਿਆ ਹੈ, ਤੇ ਉਸੇ ਨਾਲ ਹੀ ਜੁੜਨਾ ਹੈ। ਭੀੜ ਵਿਚ ਇਨਸਾਨ ਆਸਾਨੀ ਨਾਲ ਅੱਗੇ ਨਹੀਂ ਚਲ ਸਕਦਾ ਹੈ, ਕਿਉਂਕਿ ਉਹ ਧੱਕਿਆਂ ਕਰਕੇ ਕਦੀ ਅੱਗੇ ਅਤੇ ਕਦੀ ਪਿਛੇ ਜਾਂਦਾ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਦਾ ਮਨ ਵੀ ਕਲਪਨਾਂ ਦੀ ਭੀੜ ਵਿਚ ਫਸਿਆ ਰਹਿੰਦਾਂ ਹੈ, ਜਿਸ ਕਰਕੇ ਉਹ ਆਸਾਨੀ ਨਾਲ ਅੱਗੇ ਨਹੀਂ ਜਾ ਸਕਦਾ। ਜੇ ਕਰ ਅੱਗੇ ਜਾਣਾ ਹੈ ਤਾਂ ਰਸਤਾ ਸਾਫ ਕਰਨਾਂ ਪਵੇਗਾ, ਮਨ ਦੀਆਂ ਕਲਪਨਾਂ

ਨੂੰ ਆਪਣੇ ਕਾਬੂ ਵਿਚ ਕਰਨਾ ਪਵੇਗਾ, ਪਰੰਤੂ ਇਹ ਸਿਰਫ ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਨਾਮੁ ਜਪਣ ਨਾਲ ਹੀ ਸੰਭਵ ਹੋ ਸਕਦਾ ਹੈ।

ਇਹ ਦੁਨੀਆਂ ਤਾਂ ਮਨੁੱਖ ਦੇ ਮਨ ਲਈ ਇਕ ਆਰਜ਼ੀ ਟਿਕਾਣਾ ਹੈ, ਇਸ ਲਈ ਆਪਣੇ ਭਟਕ ਰਹੇ ਮਨ ਨੂੰ ਪ੍ਰੇਰਨਾ ਹੈ ਕਿ ਉਹ ਆਪਣੇ ਅਸਲੀ ਟਿਕਾਣੇ, ਭਾਵ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੇ। ਆਪਣੇ ਪਿਆਰੇ ਮਨ ਨੂੰ ਸਮਝਾਣਾ ਹੈ ਕਿ ਅਕਾਲ ਪੁਰਖ ਨਾਲ ਮਿਲਾਣ ਵਾਲੇ ਸਤਿਗੁਰੂ ਨੂੰ ਮਿਲੇ, ਜਿਸ ਸਦਕਾ ਮਨੁੱਖ ਨੂੰ ਸਮਝ ਆ ਜਾਵੇਗੀ, ਕਿ ਸਭ ਸੁਖਾਂ ਦਾ ਦਾਤਾ ਅਕਾਲ ਪੁਰਖੁ, ਉਸ ਦੇ ਆਪਣੇ ਅੰਦਰ ਹੀ ਵੱਸ ਰਿਹਾ ਹੈ। ਆਪਣੇ ਪਿਆਰੇ ਮਨ ਨੂੰ ਸਮਝਾਣਾ ਹੈ ਕਿ ਅਕਾਲ ਪੁਰਖੁ ਦੇ ਪ੍ਰੇਮ ਵਿਚ ਟਿਕ ਕੇ ਆਤਮਕ ਆਨੰਦ ਮਾਣ, ਤੇ ਅਰਦਾਸ ਕਰਿਆ ਕਰ ਕਿ ਅਕਾਲ ਪੁਰਖੁ ਤੇਰੇ ਉਤੇ ਆਪਣੀ ਮੇਹਰ ਦੀ ਨਜ਼ਰ ਕਰਦਾ ਰਹੇ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਜਿਸ ਮਨੁੱਖ ਉਤੇ ਸਤਿਗੁਰੂ ਦਇਆਵਾਨ ਹੁੰਦਾ ਹੈ, ਉਸ ਨੂੰ ਅਕਾਲ ਪੁਰਖੁ ਨਾਲ ਮਿਲਾ ਦੇਂਦਾ ਹੈ।

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥ ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧॥ {੪੫੧}

ਗੁਰੂ ਨਾਨਕ ਸਾਹਿਬ ਆਸਾ ਕੀ ਵਾਰ ਵਿਚ ਨਾਮੁ ਦੀ ਲੋੜ ਸਬੰਧੀ ਬੜੀ ਸੁੰਦਰ ਉਦਾਹਰਣ ਦੇ ਕੇ ਸਮਝਾਂਦੇ ਹਨ, ਕਿ ਸਭ ਤੋਂ ਪਹਿਲਾਂ ਬ੍ਰਾਹਮਣ ਨਹਾ ਧੋ ਕੇ ਤੇ ਸੁੱਚਾ ਹੋ ਕੇ ਸੁੱਚੇ ਚੌਕੇ ਉੱਤੇ ਆ ਬੈਠਦਾ ਹੈ, ਉਸ ਦੇ ਅੱਗੇ ਜਜਮਾਨ ਉਹ ਭੋਜਨ ਲਿਆ ਰੱਖਦਾ ਹੈ, ਜਿਸ ਨੂੰ ਅਜੇ ਤੱਕ ਕਿਸੇ ਹੋਰ ਨੇ ਭਿੱਟਿਆ ਨਹੀਂ ਸੀ। ਬ੍ਰਾਹਮਣ ਸੁੱਚਾ ਹੋ ਕੇ ਉਸ ਸੁੱਚੇ ਭੋਜਨ ਨੂੰ ਖਾਂਦਾ ਹੈ, ਤੇ ਖਾ ਕੇ ਸਲੋਕ ਪੜ੍ਹਨ ਲੱਗ ਪੈਂਦਾ ਹੈ, ਪਰੰਤੂ ਅਸਲੀਅਤ ਇਹ ਹੈ ਕਿ ਉਹ ਇਸ ਪਵਿਤਰ ਭੋਜਨ ਨੂੰ ਗੰਦੇ ਥਾਂ ਭਾਵ ਢਿੱਡ ਵਿਚ ਪਾ ਲੈਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਉਸ ਪਵਿਤਰ ਭੋਜਨ ਨੂੰ ਗੰਦੇ ਥਾਂ ਸੁੱਟਣ ਦਾ ਦੋਸ਼ ਕਿਸ ਤੇ ਆਇਆ? ਬ੍ਰਾਹਮਣ ਮੱਤ ਅਨੁਸਾਰ ਅੰਨ, ਪਾਣੀ, ਅੱਗ ਤੇ ਲੂਣ ਇਹ ਚਾਰੇ ਹੀ ਦੇਵਤੇ ਹਨ, ਭਾਵ ਪਵਿਤਰ ਪਦਾਰਥ ਹਨ, ਪੰਜਵਾਂ ਘਿਉ ਵੀ ਪਵਿਤਰ ਹੈ, ਜੋ ਇਨ੍ਹਾਂ ਚੌਂਹਾਂ ਵਿਚ ਪਾਇਆ ਜਾਂਦਾ ਹੈ। ਹੁਣ ਇਨ੍ਹਾਂ ਪੰਜਾਂ ਨੂੰ ਰਲਾਇਆਂ ਜਾਂਦਾ ਹੈ ਤੇ ਬੜਾ ਪਵਿਤਰ ਭੋਜਨ ਤਿਆਰ ਕੀਤਾ ਜਾਂਦਾ ਹੈ। ਹੁਣ ਇਨ੍ਹਾਂ ਪੰਜਾਂ ਦੇਵਤਿਆਂ ਦੇ ਸਰੀਰਾਂ ਨੂੰ, ਭਾਵ ਇਸ ਪਵਿਤਰ ਭੋਜਨ ਨੂੰ ਪਾਪੀ ਮਨੁੱਖ ਦੇ ਸਰੀਰ ਨਾਲ ਸੰਗਤ ਹੁੰਦੀ ਹੈ। ਇਹ ਪਵਿਤਰ ਖਾਣਾਂ ਮਨੁੱਖ ਦੇ ਪੇਟ ਵਿਚ ਜਾਂਦਾ ਹੈ ਤੇ ਉਸ ਦੇ ਸਰੀਰ ਵਿਚੋਂ ਮਲ ਮੂਤਰ ਦੇ ਰੂਪ ਵਿਚ ਫੋਕਟ ਪਦਾਰਥ ਬਾਹਰ ਨਿਕਲਦੇ ਹਨ, ਜਿਨ੍ਹਾਂ ਵੱਲ ਕੋਈ ਵੇਖਣਾਂ ਨਹੀਂ ਚਾਹੁੰਦਾ ਤੇ ਜੇਕਰ ਵੇਖ ਵੀ ਲੈਂਣ ਤਾਂ ਉਸ ਉੱਪਰ ਥੁੱਕਦੇ ਹਨ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਇਸੇ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ, ਕਿ ਜਿਸ ਮੂੰਹ ਨਾਲ ਮਨੁੱਖ ਅਕਾਲ ਪੁਰਖ ਦਾ ਨਾਮੁ ਨਹੀਂ ਯਾਦ ਕਰਦਾ, ਤੇ ਅਕਾਲ ਪੁਰਖ ਦਾ ਧੰਨਵਾਦ ਕਰਨ ਤੋਂ ਬਿਨਾ ਸੁਆਦਲੇ ਪਦਾਰਥ ਖਾਂਦਾ ਹੈ, ਉਸ ਮੂੰਹ ਉਤੇ ਵੀ ਫਿਟਕਾਰਾਂ ਪੈਂਦੀਆਂ ਹਨ। ਇਸ ਲਈ ਆਪਣਾ ਖਾਂਣਾ ਖਾਂਣ ਤੋਂ ਪਹਿਲਾਂ, ਹਮੇਸ਼ਾਂ ਉਸ ਅਕਾਲ ਪੁਰਖ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਸ ਨੇ ਖਾਣ ਪਹਿਨਣ ਤੇ ਰਹਿੰਣ ਲਈ ਇਹ ਸਭ ਕੁਝ ਦਿੱਤਾ ਹੈ।

ਸਲੋਕੁ ਮ: ੧ ॥ ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥ {ਪਉੜੀ ੧੯} {੪੭੩}

ਇਸ ਪਉੜੀ ਦੇ ਸਲੋਕੁ ਮ: ੧ ਵਿਚ ਗੁਰੂ ਨਾਨਕ ਸਾਹਿਬ ਨੇ ਸਮਝਾਂਇਆ ਹੈ, ਕਿ ਕਿਸ ਤਰ੍ਹਾਂ ਬ੍ਰਾਹਮਣ ਲੋਕਾਂ ਨੂੰ ਸੁੱਚਮਤਾ ਦੇ ਬਹਾਨੇ, ਉਨ੍ਹਾਂ ਕੋਲੋ ਮੁਫਤ ਵਿਚ ਭੋਜਨ ਭੀ ਖਾਂਦੇ ਹਨ, ਤੇ ਗੁਮਰਾਹ ਭੀ ਕਰਦੇ ਹਨ। ਗੁਰੂ ਸਾਹਿਬ ਨੇ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਨ ਤੇ ਗੁਣ ਗਾਇਨ ਕਰਨ ਦੀ ਸਿਖਿਆ ਦਿਤੀ ਹੈ। ਉਸ ਅਕਾਲ ਪੁਰਖੁ ਦਾ ਹਮੇਸ਼ਾਂ ਸ਼ੁਕਰਾਨਾ ਕਰਨਾ ਹੈ, ਜਿਸ ਨੇ ਇਹ ਸਭ ਦਾਤਾਂ ਦਿਤੀਆਂ ਹਨ। ਇਸ ਲਈ ਦਾਸ ਦਾ ਇਹੀ ਮੰਤਵ ਹੁੰਦਾ ਹੈ, ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦਾ ਨਾਮੁ ਚੇਤੇ ਕੀਤਾ ਜਾਵੇ, ਪਾਖੰਡਾਂ ਤੇ ਰਵਾਇਤਾਂ ਤੋਂ ਦੂਰ ਰਿਹਾ ਜਾਵੇ। ਸੁੱਚਮਤਾ ਦੀ ਬਜਾਏ, ਸਫਾਈ ਦਾ ਧਿਆਨ ਰੱਖਿਆ ਜਾਵੇ। ਅਕਾਲ ਪੁਰਖੁ ਨੇ ਜੋ ਕੁਝ ਵੀ ਦਿਤਾ ਹੈ, ਉਸ ਲਈ ਹਮੇਸ਼ਾਂ ਸ਼ੁਕਰਾਨਾ ਕੀਤਾ ਜਾਵੇ। ਅੱਜਕਲ ਸਾਡੇ ਗੁਰਦੁਆਰਾ ਸਾਹਿਬਾਂ ਵਿਚ ਕਈ ਬਾਬੇ ਜਾਂ ਪੁਜਾਰੀ ਭੀ ਸੁਚਮਤਾ ਤੇ ਜਿਆਦਾ ਜੋਰ

ਦੇਂਦੇ ਹਨ, ਦੂਸਰਿਆਂ ਤੋਂ ਵੱਖਰਾ ਖਾਣਾ ਖਾਂਦੇ ਹਨ। ਨਾਮੁ ਜਪਣ ਦੀਆਂ ਰਟਨ ਵਾਲੀਆਂ ਰਵਾਇਤਾ ਤੇ ਜਿਆਦਾ ਜੋਰ ਦਿਤਾ ਜਾਂਦਾ ਹੈ। ਵਿਰਲਾ ਹੀ ਕੋਈ ਬਾਬਾ ਜਾਂ ਪੁਜਾਰੀ ਅਕਾਲ ਪੁਰਖੁ ਦਾ ਧੰਨਵਾਦ ਕਰਦਾ ਹੈ। ਲੋੜ ਹੈ, ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਸਹਾਇਤਾ ਨਾਲ ਸੱਚਾ ਦਾ ਗਿਆਨ ਹਾਸਲ ਕਰਕੇ ਜੀਵਨ ਨੂੰ ਸਹੀ ਦਿਸ਼ਾ ਦਿਤੀ ਜਾਵੇ।

ਜੋ ਨੌਂਕਰ ਆਪਣੇ ਮਾਲਕ ਦੀ ਮਰਜ਼ੀ ਅਨੁਸਾਰ ਕੰਮ ਕਰੇ, ਤਾਂ ਸਮਝ ਲਉ, ਕਿ ਉਹ ਮਾਲਕ ਦੀ ਪੱਕੀ ਨੌਂਕਰੀ ਕਰ ਰਿਹਾ ਹੈ। ਉਸ ਨੂੰ ਮਾਲਕ ਕੋਲੋਂ ਬੜੀ ਇੱਜ਼ਤ ਮਿਲਦੀ ਹੈ, ਤੇ ਦੂਜੇ ਪਾਸੇ ਖੁਸ਼ ਹੋਣ ਤੇ ਕਈ ਵਾਰੀ ਮਾਲਕ ਕੋਲੋ ਤਨਖ਼ਾਹ ਵੀ ਦੂਣੀ ਮਿਲ ਸਕਦੀ ਹੈ। ਪਰ ਜੇਕਰ ਸੇਵਕ ਆਪਣੇ ਮਾਲਕ ਦੀ ਬਰਾਬਰੀ ਕਰਦਾ ਹੈ, ਤਾਂ ਉਹ ਮਾਲਕ ਕੋਲੋ ਅਕਸਰ ਡਾਂਟ ਖਾਂਦਾ ਰਹਿੰਦਾ ਹੈ ਤੇ ਮਨ ਵਿਚ ਸ਼ਰਮਿੰਦਗੀ ਮਹਿਸੂਸ ਕਰਦਾ ਰਹਿੰਦਾ ਹੈ। ਅਜੇਹਾ ਨੌਂਕਰ ਕਈ ਵਾਰੀ ਆਪਣੀ ਪਹਿਲੀ ਤਨਖ਼ਾਹ ਵੀ ਗਵਾ ਬੈਠਦਾ ਹੈ ਤੇ ਸਦਾ ਮੂੰਹ ਤੇ ਜੁੱਤੀਆਂ ਹੀ ਖਾਂਦਾ ਰਹਿੰਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਜਿਸ ਅਕਾਲ ਪੁਰਖੁ ਦਾ ਦਿੱਤਾ ਹੋਇਆ ਅਸੀਂ ਖਾਂਦੇ ਹਾਂ, ਉਸ ਮਾਲਕ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ। ਇਹ ਧਿਆਨ ਵਿਚ ਰੱਖਣਾਂ ਹੈ ਕਿ ਆਪਣੇ ਮਾਲਕ ਅਕਾਲ ਪੁਰਖੁ ਉੱਪਰ ਹੁਕਮੁ ਨਹੀਂ ਚਲਾਇਆ ਜਾ ਸਕਦਾ ਹੈ, ਉਸ ਦੇ ਅੱਗੇ ਅਰਦਾਸ ਕਰਨੀ ਹੀ ਠੀਕ ਤੇ ਚੰਗੀ ਗੱਲ ਹੈ। ਇਸ ਲਈ ਖਾਣਾਂ ਖਾਣ ਤੋਂ ਪਹਿਲਾਂ ਤੇ ਬਾਅਦ, ਹਰ ਰੋਜ਼ ਸਵੇਰੇ ਤੇ ਸ਼ਾਮ, ਉਸ ਅਕਾਲ ਪੁਰਖੁ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਪਉੜੀ ॥ ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥ ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥ ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥ {ਪੰਨਾ ੪੭੪}

ਇਸ ਪਉੜੀ ਨੰ ੨੨ ਵਿਚ ਗੁਰੂ ਸਾਹਿਬ ਸਮਝਾਂ ਰਹੇ ਹਨ, ਕਿ ਜਿਸ ਮਾਲਕ ਅਕਾਲ ਪੁਰਖੁ ਦਾ ਦਿੱਤਾ ਖਾਂਦੇ ਹਾਂ, ਉਸ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ। ਮਾਲਕ ਉੱਤੇ ਹੁਕਮ ਨਹੀਂ ਕੀਤਾ ਜਾ ਸਕਦਾ, ਉਸ ਦੇ ਅੱਗੇ ਅਰਜ਼ ਕਰਨੀ ਹੀ ਫਬਦੀ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਸਹਾਇਤਾ ਨਾਲ ਸਬਦ ਗੁਰੂ ਨਾਲ ਸਦੀਵੀ ਸਬੰਧ ਬਣਾਇਆ ਜਾਵੇ ਤਾਂ ਜੋ ਜੀਵਨ ਵਿਚ ਸਹੀ ਮਾਰਗ ਦਰਸ਼ਨ ਮਿਲਦਾ ਰਹੇ।

ਆਪਣੇ ਮਨ ਨੂੰ ਸਮਝਾਉਣਾ ਹੈ, ਕਿ ਅਕਾਲ ਪੁਰਖੁ ਦਾ ਨਾਮੁ ਜਪ ਕੇ ਪਵਿਤਰ ਆਚਰਨ ਬਣਾ, ਕਿਉਂਕਿ ਇਹ ਧਰਮ ਸਾਰੇ ਧਰਮਾਂ ਨਾਲੋ ਚੰਗਾ ਹੈ। ਗੁਰੂ ਦੀ ਸਤਿਸੰਗਤ ਵਿਚ ਅਕਾਲ ਪੁਰਖੁ ਦੇ ਗੁਣ ਗਾਇਨ ਕਰਕੇ, ਤੇ ਚੰਗੀ ਜੀਵਨ ਜਾਚ ਸਿਖ ਕੇ ਆਪਣੀ ਭੈੜੀ ਮਤਿ ਦੂਰ ਕਰਨੀ, ਹੋਰ ਸਾਰੀਆਂ ਧਾਰਮਿਕ ਰਸਮਾਂ ਨਾਲੋਂ ਇਹ ਇੱਕ ਉੱਤਮ ਕਿਰਿਆ ਹੈ। ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਚੇਤੇ ਰੱਖਣਾਂ ਚਾਹੀਦਾ ਹੈ, ਕਿਉਂਕਿ ਅਜੇਹਾ ਉੱਦਮ ਹੋਰ ਸਾਰੇ ਉੱਦਮਾਂ ਨਾਲੋਂ ਭਲਾ ਹੈ। ਅਕਾਲ ਪੁਰਖੁ ਦਾ ਜਸ ਕੰਨਾਂ ਨਾਲ ਸੁਣਨਾ ਹੈ ਤੇ ਆਪਣੀ ਜੀਭ ਨਾਲ ਬੋਲਣਾਂ ਹੈ, ਕਿਉਂਕਿ ਅਕਾਲ ਪੁਰਖੁ ਦੇ ਜੱਸ ਦੀ ਇਹ ਅੰਮ੍ਰਿਤ ਰੂਪੀ ਬਾਣੀ ਹੋਰ ਸਭ ਬਾਣੀਆਂ ਨਾਲੋਂ ਸੁੰਦਰ ਹੈ ਤੇ ਆਤਮਕ ਜੀਵਨ ਦੇਣ ਵਾਲੀ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਜਿਸ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਵੱਸਦਾ ਹੈ, ਉਹ ਹਿਰਦਾ ਰੂਪੀ ਸਥਾਨ, ਹੋਰ ਸਾਰੇ ਤੀਰਥ ਅਸਥਾਨਾਂ ਨਾਲੋ ਪਵਿਤਰ ਹੋ ਜਾਂਦਾ ਹੈ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਅੰਮ੍ਰਿਤ ਰੂਪੀ ਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਕੇ ਆਪਣਾ ਆਚਰਨ ਪਵਿਤਰ ਬਣਾਨਾ ਹੈ ਤਾਂ ਜੋ ਸਾਡੇ ਹਿਰਦੇ ਵਿਚ ਅਕਾਲ ਪੁਰਖੁ ਦਾ ਨਾਮੁ ਵੱਸ ਜਾਏ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥ ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥ ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥ ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥ (੨੬੬)

ਜਦੋਂ ਜੀਵ ਆਪਣੇ ਆਪ ਨੂੰ ਹੀਰੇ ਤੋਂ ਵੀ ਉੱਤਮ ਅਕਾਲ ਪੁਰਖੁ ਨਾਲ ਵਿੰਨ੍ਹ ਲੈਂਦਾ ਹੈ, ਭਾਵ ਜਦੋਂ ਜੀਵ ਅਕਾਲ ਪੁਰਖੁ ਦੇ ਚਰਨਾਂ ਵਿਚ ਆਪਣੀ ਸੁਰਤ ਜੋੜ ਲੈਂਦਾ ਹੈ ਤਾਂ ਉਸ ਦਾ ਚੰਚਲ ਮਨ ਅਡੋਲ ਅਵਸਥਾ ਵਿਚ ਸਦਾ ਟਿਕਿਆ ਰਹਿੰਦਾ ਹੈ। ਅਕਾਲ ਪੁਰਖੁ ਇਕ ਅਜੇਹਾ ਹੀਰਾ ਹੈ, ਜੋ ਕਿ ਸਾਰੇ ਜੀਵ ਜੰਤੂਆਂ ਵਿਚ ਮੌਜੂਦ ਹੈ, ਪਰੰਤੂ ਇਹ ਗੱਲ ਸਤਿਗੁਰੂ ਦੇ ਉਪਦੇਸ਼ ਨਾਲ ਹੀ ਸਮਝੀ ਜਾ ਸਕਦੀ ਹੈ। ਜਿਹੜਾ ਮਨੁੱਖ ਸਤਿਗੁਰੂ ਦੀ ਸੱਚੀ ਬਾਣੀ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਨਾਲ

ਜੁੜ ਜਾਂਦਾ ਹੈ, ਉਸ ਦੇ ਅੰਦਰ ਵੀ ਹੰਸ ਵਰਗੇ ਗੁਣ ਪੈਦਾ ਹੋ ਜਾਂਦੇ ਹਨ, ਫਿਰ ਅਜੇਹਾ ਮਨੁੱਖ, ਅਕਾਲ ਪੁਰਖੁ ਹੀਰੇ ਨੂੰ ਉਸੇ ਤਰ੍ਹਾਂ ਪਛਾਣ ਲੈਂਦਾ ਹੈ, ਜਿਸ ਤਰ੍ਹਾਂ ਇਕ ਹੰਸ ਸੁਚੇ ਮੋਤੀ ਨੂੰ ਪਛਾਣ ਲੈਂਦਾ ਹੈ। ਕਬੀਰ ਜੀ ਸਮਝਾਂਦੇ ਹਨ ਕਿ ਅਕਾਲ ਪੁਰਖੁ ਐਸਾ ਹੀਰਾ ਹੈ, ਜੋ ਕਿ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ। ਜਦੋਂ ਉਸ ਤਕ ਪਹੁੰਚ ਰੱਖਣ ਵਾਲੇ ਸਤਿਗੁਰੂ ਨੇ ਮੈਨੂੰ ਉਸ ਅਕਾਲ ਪੁਰਖੁ ਦਾ ਦੀਦਾਰ ਕਰਾਇਆ, ਤਾਂ ਉਹ ਹੀਰਾ ਮੈਂ ਆਪਣੇ ਅੰਦਰ ਵੀ ਵੇਖ ਲਿਆ ਹੈ। ਸਬਦ ਗੁਰੂ ਦੀ ਮਿਹਰ ਨਾਲ, ਉਹ ਲੁਕਿਆ ਹੋਇਆ ਅਨਮੋਲਕ ਹੀਰਾ, ਮੈਨੂੰ ਆਪਣੇ ਅੰਦਰ ਵੀ ਪਰਤੱਖ ਰੂਪ ਵਿਚ ਦਿਖਾਈ ਦੇਣ ਲਗ ਪਿਆ।

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ ॥ ੧ਓ ਸਤਿਗੁਰ ਪ੍ਰਸਾਦਿ ॥ ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥ ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥ ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥ ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥ ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥ {੪੮੩}

ਇਸ ਲਈ ਜੇ ਕਰ ਅਸੀਂ ਵੀ ਆਪਣੇ ਮਨ ਨੂੰ ਅਡੋਲ ਅਵਸਥਾ ਵਿਚ ਟਿਕਾਣਾ ਚਾਹੁੰਦੇ ਹਾਂ, ਹੰਸ ਦੀ ਤਰ੍ਹਾਂ ਸੱਚ ਨੂੰ ਪਰਖਣ ਦੀ ਜਾਚ ਸਿਖਣਾਂ ਚਾਹੁੰਦੇ ਹਾਂ, ਤਾਂ ਸਾਨੂੰ ਵੀ ਸਤਿਗੁਰੂ ਦੀ ਸੱਚੀ ਬਾਣੀ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਨਾਲ ਜੁੜਨਾ ਪਵੇਗਾ।

ਗੁਰੂ ਸਾਹਿਬ ਸਮਝਾਂਦੇ ਹਨ, ਕਿ ਹੇ ਸਤਸੰਗੀ ਸੱਜਣੋ! ਆਓ ਸਾਰੇ, ਰਲ ਮਿਲ ਕੇ ਬੈਠੀਏ ਤੇ ਅਕਾਲ ਪੁਰਖੁ ਦਾ ਸਦਾ ਥਿਰ ਰਹਿਣ ਵਾਲਾ ਨਾਮੁ ਚੇਤੇ ਕਰੀਏ, ਅਕਾਲ ਪੁਰਖੁ ਤੋਂ ਆਪਣਾ ਵਿਛੋੜਾ ਚੇਤੇ ਕਰੀਏ, ਤੇ ਵਿਛੋੜਾ ਦੂਰ ਕਰਨ ਲਈ ਆਪਣੇ ਮਾਲਕ ਅਕਾਲ ਪੁਰਖੁ ਨੂੰ ਯਾਦ ਕਰੀਏ, ਆਪਣੇ ਮਾਲਕ ਨੂੰ ਹਿਰਦੇ ਵਿਚ ਵਸਾਈਏ। ਅਸੀਂ ਵੀ ਅਖੀਰ ਨੂੰ ਉਸ ਪਰਲੋਕ ਵਿਚ ਜਾਣਾ ਹੈ, ਜਿਥੇ ਅਨੇਕਾਂ ਲੋਕ ਜਾ ਚੁਕੇ ਹਨ। ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ, ਜਿਸ ਅਕਾਲ ਪੁਰਖੁ ਨੇ ਇਹ ਜੀਵ ਪੈਦਾ ਕੀਤਾ ਸੀ, ਉਸੇ ਨੇ ਉਸ ਦੀ ਜਿੰਦ ਵਾਪਸ ਲੈ ਲਈ ਹੈ, ਤੇ ਇਹ ਸਭ ਕੁਝ ਉਸੇ ਦੀ ਰਜ਼ਾ ਅਨੁਸਾਰ ਹੋ ਰਿਹਾ ਹੈ। ਇਥੇ ਜਗਤ ਵਿਚ ਜੀਵ ਨੇ ਜੋ ਕੁਝ ਵੀ ਕੀਤਾ ਹੁੰਦਾ ਹੈ, ਉਸੇ ਅਨੁਸਾਰ ਉਸ ਨੂੰ ਭੁਗਤਣਾ ਪੈਂਦਾ ਹੈ, ਤੇ ਇਕ ਦਿਨ ਇਸ ਜਗਤ ਤੋਂ ਕੂਚ ਕਰ ਜਾਣਾ ਹੈ। ਇਹ ਸਭ ਕੁਝ ਅਕਾਲ ਪੁਰਖੁ ਦੇ ਨਿਯਮ ਅਨੁਸਾਰ ਹੋ ਰਿਹਾ ਹੈ ਤੇ ਉਸ ਅੱਗੇ ਸਾਡਾ ਕੋਈ ਜੋਰ ਨਹੀਂ ਚਲ ਸਕਦਾ। ਇਸ ਵਾਸਤੇ ਸਾਰੇ ਰਲ ਮਿਲ ਕੇ ਬੈਠੀਏ ਤੇ ਸਦਾ-ਥਿਰ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਨੂੰ ਸਮਝੀਏ ਤੇ ਹਿਰਦੇ ਵਿਚ ਵਸਾਈਏ। ਆਮ ਲੋਕਾਂ ਵਾਂਗੂ ਮੌਤ ਨੂੰ ਮਾੜਾ ਨਾ ਆਖੀਏ, ਕਿਉਂਕਿ ਮੌਤ ਤਾਂ ਚੰਗੀ ਹੈ, ਜੇਕਰ ਕੋਈ ਮਨੁੱਖ ਜਿਊਦੇ ਹੀ ਮਰਨ ਦਾ ਤਰੀਕਾ ਸਿੱਖ ਲਏ, ਤੇ ਆਪਣੇ ਆਪ ਨੂੰ ਸਬਦ ਗੁਰੂ ਦੇ ਅੱਗੇ ਅਰਪਨ ਕਰਕੇ ਅਕਾਲ ਪੁਰਖੁ ਨਾਲ ਲੀਨ ਹੋ ਜਾਵੇ। ਇਸ ਲਈ ਸਰਬ ਸ਼ਕਤੀਵਾਨ ਅਕਾਲ ਪੁਰਖੁ ਨੂੰ ਸਿਮਰੋ, ਤਾਂ ਕਿ ਜੀਵਨ ਦੇ ਸਫ਼ਰ ਦਾ ਰਸਤਾ ਸੌਖਾ ਬਤੀਤ ਹੋਵੇ, ਤੇ ਅਕਾਲ ਪੁਰਖੁ ਦੀ ਹਜ਼ੂਰੀ ਵਿਚ ਇੱਜ਼ਤ ਮਿਲ ਸਕੇ। ਜੇਕਰ ਅਕਾਲ ਪੁਰਖੁ ਦੇ ਨਾਮੁ ਦੀ ਭੇਟਾ ਲੈ ਕੇ ਜਾਵਾਗੇ ਤਾਂ ਉਸ ਸਦਾ ਥਿਰ ਅਕਾਲ ਪੁਰਖੁ ਨਾਲ ਇਕ ਰੂਪ ਹੋ ਸਕਾਂਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਅਕਾਲ ਪੁਰਖੁ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰ ਸਕਾਂਗੇ, ਤੇ ਅਕਾਲ ਪੁਰਖੁ ਨੂੰ ਚੰਗੇ ਲੱਗਾਂਗੇ। ਜਿਹੜਾ ਜੀਵ ਅਜੇਹੀ ਭੇਟਾ ਲੈ ਕੇ ਜਾਂਦਾ ਹੈ, ਉਹ ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ। ਜਿਹੜੇ ਮਨੁੱਖ ਜੀਊਂਦਿਆਂ ਹੀ ਅਕਾਲ ਪੁਰਖੁ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ, ਉਨ੍ਹਾਂ ਦਾ ਮਰਨਾ ਵੀ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ। ਉਹ ਅੰਤਰਜਾਮੀ ਅਕਾਲ ਪੁਰਖੁ ਹਰੇਕ ਦੇ ਦਿਲ ਦੀ ਆਪ ਜਾਣਦਾ ਹੈ। ਇਸ ਲਈ ਹੰਕਾਰ ਦੇ ਬੋਲ ਨਹੀਂ ਬੋਲਣੇ ਚਾਹੀਦੇ, ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ, ਕਿਉਂਕਿ ਅਕਾਲ ਪੁਰਖੁ ਆਪ ਹੀ ਸਭ ਦੇ ਕੀਤੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਸਭ ਦੇ ਦਿਲਾਂ ਨੂੰ ਸਮਝਦਾ ਹੈ, ਤੇ ਆਪ ਹੀ ਆਪਣੇ ਹੁਕਮੁ ਨੂੰ ਪਛਾਣਦਾ ਹੈ।

ਵਡਹੰਸੁ ਮਹਲਾ ੧ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥ ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥ ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥

ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥ ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥ ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥ ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥ ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥ ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥ ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥ {੫੭੯-੫੮੦}

ਆਮ ਕਹਾਵਤ ਹੈ, "ਮਹਿਗਾ ਰੋਵੇ ਏਕ ਬਾਰ, ਸਸਤਾ ਰੋਵੈ ਬਾਰ ਬਾਰ", ਜੇ ਕਰ ਮਹਿੰਗਾ ਚੁਣ ਲਿਆਂ, "ਪਹਿਲਾ ਮਰਣੁ ਕਬੂਲਿ", ਤਾਂ ਬਾਅਦ ਵਿਚ ਜੀਵਨ ਵਿਚ ਅਨੰਦ ਹੀ ਅਨੰਦ ਹੈ। ਜੇ ਕਰ ਸਸਤਾ, ਵਿਕਾਰਾਂ ਵਾਲਾ ਜੀਵਨ ਚੁਣ ਲਿਆਂ, ਤਾਂ ਫਿਰ ਜੀਵਨ ਵਿਚ ਬਾਰ ਬਾਰ ਰੋਜਾਨਾਂ ਮਰਨਾ ਹੈ। ਫਿਰ ਪਤਾ ਨਹੀਂ, ਦਿਨ ਵਿਚ ਕਿਨੀ ਵਾਰੀ ਮਰਨਾ ਪੈਂਦਾ ਹੈ। ਇਨ੍ਹਾਂ ਦੋਵਾਂ ਵਿਚੋਂ ਕੀ ਚੁਣਨਾ ਹੈ, ਕਿ ਸਾਡੀ ਆਪਣੀ ਮਰਜੀ ਹੈ, ਨਤੀਜੇ ਉਸੇ ਅਨੁਸਾਰ ਹੀ ਹੋਣੇ ਹਨ।

ਆਮ ਮਨੁੱਖ ਹਮੇਸ਼ਾਂ ਆਪਣੇ ਮਨ ਦੀ ਮਰਜੀ ਅਨੁਸਾਰ ਚਲਦਾ ਹੈ, ਇਸੇ ਲਈ ਗੁਰੂ ਸਾਹਿਬ ਮਨ ਨੂੰ ਉਚੇਚੇ ਤੌਰ ਤੇ ਸਮਝਾਂਦੇ ਹਨ, ਕਿ ਹੇ ਮੇਰੇ ਮਨ! ਪਿਆਰ ਨਾਲ ਇਕਾਗਰ ਚਿੱਤ ਹੋ ਕੇ ਅਕਾਲ ਪੁਰਖੁ ਨੂੰ ਯਾਦ ਕਰਿਆ ਕਰ, ਉਸ ਹਰੀ ਅਕਾਲ ਪੁਰਖੁ ਵਿਚ ਇਹ ਸਦੀਵੀ ਗੁਣ ਹੈ, ਕਿ ਉਹ ਦਾਤਾਰ ਸਾਰਿਆਂ ਨੂੰ ਆਪਣੀਆਂ ਦਾਤਾਂ ਦੇਂਦਾ ਰਹਿੰਦਾ ਹੈ ਤੇ ਦੇਣ ਤੋਂ ਬਾਅਦ ਕਦੀ ਵੀ ਪਛੁਤਾਉਂਦਾ ਨਹੀਂ। ਮੈਂ ਉਸ ਹਰੀ ਅਕਾਲ ਪੁਰਖੁ ਤੋਂ ਸਦਾ ਕੁਰਬਾਨ ਜਾਂਦਾ ਹਾਂ, ਜਿਸ ਦੀ ਸੇਵਾ ਕਰਨ ਨਾਲ ਆਤਮਿਕ ਸੁਖ ਮਿਲਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਗੁਰਮੁਖ ਜਨ ਆਪਣੇ ਹੰਕਾਰ ਨੂੰ ਸਤਿਗੁਰੂ ਦੇ ਸਬਦ ਦੀ ਸਹਾਇਤਾ ਨਾਲ ਕਾਬੂ ਕਰਕੇ ਅਕਾਲ ਪੁਰਖੁ ਨਾਲ ਇਕ ਮਿਕ ਹੋਏ ਰਹਿੰਦੇ ਹਨ।

ਸਲੋਕੁ ਮ: ੩ ॥ ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥ {੬੫੩}

ਅਕਾਲ ਪੁਰਖੁ ਆਪਣਾ ਪਿਆਰ ਵਾਲਾ ਸੁਭਾਉ ਹਮੇਸ਼ਾਂ ਚੇਤੇ ਰੱਖਦਾ ਹੈ, ਇਸ ਲਈ ਉਹ ਆਪਣੇ ਸੇਵਕ ਨੂੰ ਕਦੇ ਵੀ ਮੁਸ਼ਕਲ ਵਾਲਾ ਸਮਾਂ ਨਹੀਂ ਵੇਖਣ ਦੇਂਦਾ ਹੈ। ਅਕਾਲ ਪੁਰਖੁ ਆਪਣਾ ਹੱਥ ਦੇ ਕੇ ਆਪਣੇ ਸੇਵਕ ਦੀ ਰੱਖਿਆ ਕਰਦਾ ਹੈ, ਤੇ ਹਰੇਕ ਸੁਆਸ ਦੇ ਦੌਰਾਨ ਆਪਣੇ ਸੇਵਕ ਦੀ ਪਾਲਣਾ ਵੀ ਕਰਦਾ ਰਹਿੰਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੇਰਾ ਮਨ ਵੀ ਉਸ ਅਕਾਲ ਪੁਰਖੁ ਨਾਲ ਜੁੜਿਆ ਰਹਿੰਦਾ ਹੈ, ਜੋ ਸ਼ੁਰੂ ਤੋਂ ਅਖ਼ੀਰ ਤਕ ਸਦਾ ਆਪਣੇ ਸੇਵਕਾਂ ਦਾ ਸਹਾਇਕ ਬਣਿਆ ਰਹਿੰਦਾ ਹੈ, ਉਹ ਅਕਾਲ ਪੁਰਖੁ ਧੰਨ ਹੈ, ਜਿਹੜਾ ਸਭ ਦੀ ਸਹਾਇਤਾ ਕਰਦਾ ਹੈ। ਅਕਾਲ ਪੁਰਖੁ ਦੇ ਹੈਰਾਨ ਕਰਨ ਵਾਲੇ ਕੌਤਕ ਤੇ ਉਸ ਦੀ ਵਡਿਆਈ ਵੇਖ ਕੇ, ਸੇਵਕ ਦੇ ਮਨ ਵਿਚ ਵੀ ਖ਼ੁਸ਼ੀਆਂ ਬਣੀਆਂ ਰਹਿੰਦੀਆਂ ਹਨ। ਇਸ ਲਈ ਆਤਮਕ ਆਨੰਦ ਮਾਨਣ ਲਈ ਹਮੇਸ਼ਾ ਅਕਾਲ ਪੁਰਖੁ ਦਾ ਨਾਮੁ ਆਪਣੇ ਚਿਤ ਵਿਚ ਰੱਖਣਾ ਚਾਹੀਦਾ ਹੈ।

ਧਨਾਸਰੀ ਮਹਲਾ ੫ ॥ ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ ਮਨਿ ਬਿਲਾਸ ਭਏ, ਸਾਹਿਬ ਕੇ ਅਚਰਜ ਦੇਖਿ ਬਡਾਈ ॥ ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥ {੬੮੨}

ਜਿਹੜੇ ਸੇਵਕ ਅਕਾਲ ਪੁਰਖ ਦੀ ਸਿਫਤ ਸਾਲਾਹ ਨੂੰ ਆਪਣੇ ਜੀਵਨ ਦਾ ਸਹਾਰਾ ਬਣਾ ਲੈਂਦੇ ਹਨ, ਅਕਾਲ ਪੁਰਖ ਉਨ੍ਹਾਂ ਸੇਵਕਾਂ ਨੂੰ ਮਾਇਆ ਕਾਰਨ ਪੈਦਾ ਹੋਣ ਵਾਲੇ ਕਸ਼ਟਾਂ ਤੋਂ ਬਚਾ ਲੈਂਦਾ ਹੈ। ਅਜੇਹੇ ਸੇਵਕਾਂ ਦੀ ਸੰਗਤ ਕਰਨ ਨਾਲ ਹੋਰ ਲੋਕ ਵੀ ਪਵਿਤਰ ਹੋ ਸਕਦੇ ਹਨ। ਭਾਵੇਂ ਚੰਦਨ ਦਾ ਲੇਪ ਕੀਤਾ ਹੋਵੇ, ਭਾਵੇਂ ਚੰਦਰਮੇ ਦੀ ਚਾਨਣੀ ਹੋਵੇ, ਤੇ ਭਾਵੇਂ ਸਰਦੀਆਂ ਦੀ ਠੰਢੀ ਰੁੱਤ ਹੋਵੇ, ਇਨ੍ਹਾਂ ਸਭ ਨਾਲ ਸਰੀਰ ਦੀ ਬਾਹਰਲੀ ਗਰਮੀ ਤਾਂ ਘਟ ਸਕਦੀ ਹੈ, ਪਰੰਤੂ ਇਨ੍ਹਾਂ ਨਾਲ ਮਨ ਦੀ ਅੰਦਰਲੀ ਤਪਸ਼ ਬਿਲਕੁਲ ਨਹੀਂ ਮਿਟ ਸਕਦੀ। ਵਿਗਿਆਨਕ ਸਾਧਨਾਂ ਨਾਲ ਬਣੀਆਂ ਚੀਜ਼ਾਂ ਨਾਲ ਬਾਹਰੀ ਆਰਾਮ ਤੇ ਸਹੂਲਤਾਂ ਤਾਂ ਮਿਲ

ਸਕਦੀਆਂ ਹਨ, ਪਰੰਤੂ ਅੰਦਰੂਨੀ ਸੁਖ ਨਹੀਂ। ਸਿਰਫ ਅਕਾਲ ਪੁਰਖ ਦਾ ਨਾਮੁ ਹੀ ਹੈ, ਜਿਸ ਨੂੰ ਹਿਰਦੇ ਵਿਚ ਵਸਾਣ ਨਾਲ ਮਨੁੱਖ ਦੇ ਮਨ ਅੰਦਰ ਠੰਡਕ ਪੈਦਾ ਹੋ ਸਕਦੀ ਹੈ ਤੇ ਆਤਮਿਕ ਸੁਖ ਮਿਲ ਸਕਦਾ ਹੈ।

ਸਲੋਕ ॥ ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥ ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥੧॥
ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥ ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥ {੭੦੯}

ਅਕਾਲ ਪੁਰਖੁ ਦਾ ਸਿਮਰਨ ਇਸ ਲੋਕ ਵਿਚ ਤੇ ਪਰਲੋਕ {ਵਰਤਮਾਨ ਤੇ ਭਵਿੱਖ} ਵਿਚ ਸਦਾ ਹੀ ਸੁਖ ਦੇਣ ਵਾਲਾ ਹੈ, ਇਸ ਲਈ ਹਮੇਸ਼ਾਂ ਅਕਾਲ ਪੁਰਖੁ ਦਾ ਨਾਮੁ ਸਿਮਰਦੇ ਰਹਿਣਾ ਚਾਹੀਦਾ ਹੈ। ਅਕਾਲ ਪੁਰਖੁ ਦੇ ਨਾਮੁ ਸਿਮਰਨ ਦੀ ਬਰਕਤ ਨਾਲ ਚਿਰਾਂ ਤੋਂ ਕੀਤੇ ਹੋਏ ਪਾਪ ਵੀ ਮਿਟ ਸਕਦੇ ਹਨ, ਸਾਧ ਸੰਗਤਿ ਵਿਚ ਮਿਲ ਕੇ ਸਿਮਰਨ ਕਰਨ ਨਾਲ ਆਤਮਕ ਮੌਤੇ ਮਰਿਆ ਹੋਇਆ ਮਨੁੱਖ ਵੀ ਦੁਬਾਰਾ ਆਤਮਕ ਜੀਵਨ ਹਾਸਲ ਕਰ ਸਕਦਾ ਹੈ। ਦੁਨਿਆਵੀ ਰਾਜ ਅਤੇ ਜਵਾਨੀ ਦੇ ਹੁਲਾਰੇ ਅਕਸਰ ਅਕਾਲ ਪੁਰਖੁ ਦਾ ਨਾਮੁ ਭੁਲਾ ਦੇਂਦੇ ਹਨ, ਕਿਉਂਕਿ ਮਾਇਆ ਦਾ ਮੋਹ ਦੁਖਾਂ ਦਾ ਮੂਲ ਹੈ। ਅਕਾਲ ਪੁਰਖੁ ਦੇ ਨਾਮੁ ਦਾ ਸਿਮਰਨ, ਤੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਲਈ ਖਾਹਸ਼ ਵਰਗੇ ਕੀਮਤੀ ਗੁਣ ਕੋਈ ਵਿਰਲਾ ਭਾਗਾਂ ਵਾਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।

ਧਨਾਸਰੀ ਮਹਲਾ ੫ ॥ ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥ ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥ ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥ ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ ॥੧॥ {੬੮੩}

ਜਿਹੜਾ ਅਕਾਲ ਪੁਰਖੁ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ, ਸਾਰੇ ਸੁਖ ਦੇਣ ਵਾਲਾ ਹੈ, ਜਿਸ ਦੇ ਵੱਸ ਵਿਚ ਸਵਰਗ ਵਿਚ ਰਹਿਣ ਵਾਲੀ ਸਮਝੀ ਗਈ ਕਾਮਧੇਨ ਹੈ, ਤਾਂ ਜਰੂਰੀ ਹੋ ਜਾਂਦਾ ਹੈ ਕਿ ਉਸ ਅਕਾਲ ਪੁਰਖੁ ਦਾ ਨਾਮੁ ਹਮੇਸ਼ਾਂ ਚੇਤੇ ਰੱਖੀਏ। ਆਪਣੇ ਮਨ ਨੂੰ ਸਮਝਾਣਾ ਹੈ ਕਿ ਸਦਾ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ, ਜਿਸ ਨਾਲ ਸਾਰੇ ਸੁਖ ਹਾਸਲ ਕੀਤੇ ਜਾ ਸਕਦੇ ਹਨ। ਇਸ ਲਈ ਆਪਣੇ ਮਨ ਨੂੰ ਸਮਝਾਣਾ ਹੈ ਕਿ ਸਦਾ ਥਿਰ ਰਹਿੰਣ ਵਾਲੇ ਅਕਾਲ ਪੁਰਖੁ ਦਾ ਨਾਮੁ ਜਪਣਾਂ ਚਾਹੀਦਾ ਹੈ। ਸਰਬ ਵਿਆਪਕ ਅਕਾਲ ਪੁਰਖੁ ਵਿਚ ਸਦਾ ਧਿਆਨ ਧਰਨਾ ਚਾਹੀਦਾ ਹੈ, ਤਾਂ ਜੋ ਇਸ ਲੋਕ ਤੇ ਪਰਲੋਕ ਵਿਚ ਇੱਜ਼ਤ ਖੱਟ ਸਕੀਏ। ਜਿਸ ਹਿਰਦੇ ਵਿਚ ਅਕਾਲ ਪੁਰਖੁ ਦੀ ਭਗਤੀ ਹੁੰਦੀ ਹੈ, ਉਸ ਵਿਚੋਂ ਹਰੇਕ ਕਿਸਮ ਦੇ ਝਗੜੇ ਤੇ ਬਖੇੜੇ ਨਿਕਲ ਜਾਂਦੇ ਹਨ। ਵੱਡੇ ਭਾਗਾਂ ਨਾਲ ਹੀ ਅਕਾਲ ਪੁਰਖੁ ਦਾ ਭਜਨ ਹੋ ਸਕਦਾ ਹੈ। ਸੇਵਕ ਨਾਨਕ ਨੂੰ ਤਾਂ ਸਬਦ ਗੁਰੂ ਨੇ ਇਹੀ ਸਮਝ ਬਖ਼ਸ਼ੀ ਹੈ, ਕਿ ਅਕਾਲ ਪੁਰਖੁ ਦੇ ਨਾਮੁ ਜਪਣ ਨਾਲ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘ ਸਕਦੇ ਹਾਂ।

ਧਨਾਸਰੀ ਮਹਲਾ ੪ ॥ ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥ {੬੭੦}

"ਵਡਭਾਗੀ", ਕਿਸ ਤਰ੍ਹਾਂ ਬਣਨਾ ਹੈ? ਜੇਕਰ ਬੱਚਾ ਸਕੂਲੇ ਚੰਗੀ ਤਰ੍ਹਾਂ ਪੜ੍ਹਦਾ ਹੈ, ਤਾਂ ਚੰਗੀ ਕਿਸਮਤ ਬਣ ਜਾਂਦੀ ਹੈ, ਜੇਕਰ ਨਹੀਂ ਪ੍ਰੜਦਾ ਹੈ, ਤਾਂ ਬਦਕਿਸਮਤ ਬਣ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਗੁਰਮਤਿ ਸਿਖਿਆ ਲਈ ਹੈ, ਤਾਂ ਵੱਡੇ ਭਾਗ ਬਣ ਜਾਂਦੇ ਹਨ। ਗੁਰਮਤਿ ਦੀ ਸਿਖਿਆਂ ਵੀ, ਉਸੇ ਤਰ੍ਹਾਂ ਲੈਣੀ ਹੈ, ਜਿਸ ਤਰ੍ਹਾਂ ਅਸੀਂ ਸਕੂਲੇ ਆਮ ਸਿਖਿਆ ਲਈ ਪੜ੍ਹਦੇ ਹਾਂ। ਗੁਰਮਤਿ ਦੀ ਸਿਖਿਆਂ ਵੀ, ਬਚਪਨ ਤੋਂ ਹੀ ਆਰੰਭ ਕਰਨੀ ਹੈ।

ਪਰਵਾਰ ਵਿਚ ਨਵੇਂ ਜੰਮੇ ਬਾਲ ਨੂੰ ਲਾਡ ਪਿਆਰ ਕਰਨ ਨਾਲ, ਉਸ ਦੀ ਅਕਾਲ ਪੁਰਖੁ ਦੇ ਚਰਨਾਂ ਨਾਲੋਂ ਪ੍ਰੀਤ ਟੁੱਟ ਜਾਂਦੀ ਹੈ, ਤੇ ਮਾਇਆ ਦੀ ਤ੍ਰਿਸ਼ਨਾ ਆ ਚੰਬੜਦੀ ਹੈ, ਮਾਇਆ ਉਸ ਉਤੇ ਆਪਣਾ ਜ਼ੋਰ ਪਾ ਲੈਂਦੀ ਹੈ। ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਹੋਣ ਲਈ ਨਵੇਂ ਜੰਮੇ ਬਾਲ ਨੂੰ ਸਿਰਫ ਲਾਡ ਪਿਆਰ ਹੀ ਨਹੀਂ ਕਰਨਾ ਹੈ, ਉਸ ਨੂੰ ਅਕਾਲ ਪੁਰਖੁ ਦੇ ਚਰਨਾਂ ਵਿਚ ਵੀ ਜੋੜਨਾਂ ਚਾਹੀਦਾ ਹੈ। ਬੱਚੇ ਨੂੰ ਅਕਾਲ ਪੁਰਖੁ ਤੋਂ ਤੋੜਨ ਦੇ ਜੁਮੇਵਾਰ ਭੀ ਅਸੀਂ ਖੁਦ ਆਪ ਹਾਂ। ਪਰਵਾਰ ਵਿਚ ਨਵੇਂ ਜੰਮੇ ਬਾਲ ਨੂੰ ਲੋਕ ਲਾਡ ਪਿਆਰ ਕਰਦੇ ਹਨ। ਸਭ ਲੋਕ ਬੱਚੇ ਨੂੰ ਆਪਣੇ ਵੱਲ ਆਕਰਸ਼ਤ ਕਰਦੇ ਹਨ। ਸਭ ਲੋਕ ਆਪਣੇ ਕਾਨੂੰਨਾਂ ਵਾਲੀ ਸਮਾਜਿਕ ਸਿਖਿਆ ਦੇਂਦੇ ਹਨ। ਇਸ ਲਾਡ ਪਿਆਰ ਤੇ ਸਿਖਿਆ ਨਾਲ, ਬੱਚੇ ਦੀ ਪ੍ਰੀਤ ਉਸ ਅਕਾਲ ਪੁਰਖੁ ਦੇ

ਚਰਨਾਂ ਨਾਲੋਂ ਟੁੱਟ ਜਾਂਦੀ ਹੈ, {ਬੱਚੇ ਦੇ ਮਨ ਅੰਦਰ ਖਡੌਣਿਆਂ ਲਈ ਲਾਲਚ, ਤੇ ਆਪਸੀ ਭੇਦ ਭਾਵ ਪੈਦਾ ਹੋ ਜਾਂਦਾ ਹੈ} ਤੇ ਮਾਇਆ ਦੀ ਤ੍ਰਿਸ਼ਨਾ ਆ ਚੰਬੜਦੀ ਹੈ। ਮਾਇਆ ਉਸ ਉਤੇ ਆਪਣਾ ਜ਼ੋਰ ਪਾ ਲੈਂਦੀ ਹੈ। ਇਸ ਮਾਇਆ ਕਰਕੇ ਉਸ ਦੀ ਅਕਾਲ ਪੁਰਖੁ ਤੋਂ ਦੂਰੀ ਵਧ ਜਾਂਦੀ ਹੈ ਤੇ ਮਨੁੱਖ ਦੇ ਮਨ ਉਪਰ, ਪੰਜ ਵਿਕਾਰ ਹਾਵੀ ਹੋ ਜਾਂਦੇ ਹਨ। ਉਨ੍ਹਾਂ ਵਿਕਾਰਾਂ ਉਪਰ ਸਿਰਫ, ਸਤਿਗੁਰੁ ਦੀ ਸਹਾਇਤਾ ਨਾਲ, ਅਕਾਲ ਪੁਰਖੁ ਦੇ ਨਾਮੁ ਦੁਆਰਾ ਹੀ ਕਾਬੂ ਕੀਤਾ ਜਾ ਸਕਦਾ ਹੈ।

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥ {੯੨੧}

ਮਇਆ ਦਾ ਆਰੰਭ ਬਚਪਨ ਵਿਚ ਹੀ ਸਮਾਜ ਤੇ ਦੁਨਿਆਵੀ ਸਿਖਿਆ ਨਾਲ ਹੋ ਜਾਂਦਾ ਹੈ। ਜੰਗਲ ਵਿਚ ਪਲਿਆ ਹੋਇਆ ਬੱਚਾ ਇਹ ਆਦਤਾਂ ਨਹੀਂ ਸਿਖਦਾ ਹੈ। ਅੱਜਕਲ ਦੇ ਲੋਕ, ਧੰਨ ਦੌਲਤ, ਸੰਪਤੀ, ਵਿਚ ਇਤਨਾ ਫਸ ਚੁਕੇ ਹਨ, ਕਿ ਉਹ ਆਪਣੇ ਮਾਂ ਬਾਪ ਭੈਣ ਭਰਾ ਨੂੰ ਵੀ ਛੱਡ ਦੇਂਦੇ ਹਨ। ਅੱਜਕਲ ਦੇ ਜਿਆਦਾਤਰ ਮਾਤਾ ਪਿਤਾ, ਬੱਚੇ ਨੂੰ ਪਹਿਲੇ ੧੦ ਸਾਲ ਤਕ ਦੁਨਿਆਵੀ ਸਿਖਿਆ ਹੀ ਦੇਂਦੇ ਹਨ। ਜਿਸ ਵਿਚ ਲੋਕਾ ਚਾਰੀ, ਚਲਾਕੀਆਂ, ਲਾਲਚ, ਝੂਠ ਬੋਲਣਾ, ਧੋਖੇ ਕਰਨਾ, ਰੀਤੀ ਰਿਵਾਜ, ਆਦਿ ਸਭ ਕੁਝ ਆ ਜਾਂਦੇ ਹਨ ਤੇ ਫਿਰ ਬਾਅਦ ਵਿਚ ਕਹਿੰਦੇ ਹਨ, ਕਿ ਬੱਚਾ ਵੱਡਾ ਹੋ ਕੇ ਸਾਡੀ ਸੁਣਦਾ ਨਹੀਂ, ਸਾਡੀ ਇਜਤ ਨਹੀਂ ਕਰਦਾ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ (੧੩੭੯)

ਕੋਈ ਵਿਰਲਾ ਮਨੁੱਖ ਹੀ ਮਾਇਆ ਉਪਰ ਕਾਬੂ ਕਰਨ ਲਈ ਉਪਰਾਲੇ ਕਰਦਾ ਹੈ। ਮਾਇਆ ਉਪਰ ਕਾਬੂ ਕਰਨ ਲਈ ਸਤਿਗੁਰ ਦੇ ਉਪਦੇਸ਼ ਨੂੰ ਸੁਣਨਾ ਜਰੂਰੀ ਹੈ। ਸਤਿਗੁਰੂ ਦੇ ਉਪਦੇਸ਼ ਅਨੁਸਾਰ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ ਹਨ। ਸਤਿਗੁਰੁ ਦੇ ਉਪਦੇਸ਼ ਦੁਆਰਾ ਅਕਾਲ ਪੁਰਖੁ ਦੇ ਨਾਮ ਨੂੰ ਹਿਰਦੇ ਵਿਚ ਵਸਾਉਣਾ ਹੈ ਤਾਂ ਹੀ ਇਸ ਮਾਇਆ ਬਾਰੇ ਬੁਝਿਆ ਜਾ ਸਕਦਾ ਹੈ, ਮਾਇਆ ਨੂੰ ਭੀ ਆਪਣੀ ਦਾਸੀ ਬਣਾਇਆ ਜਾ ਸਕਦਾ ਹੈ।

ਆਸਾ ਮਹਲਾ ੫ ॥ ਮਤਾ ਕਰਉ ਸੋ ਪਕਨਿ ਨ ਦੇਈ ॥ ਸੀਲ ਸੰਜਮ ਕੈ ਨਿਕਟਿ ਖਲੋਈ ॥ ਵੇਸ ਕਰੇ ਬਹੁ ਰੂਪ ਦਿਖਾਵੈ ॥ ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥ ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥ ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥ ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥ ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥ ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥ ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ ॥੩॥ ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥ ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥ ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥੧॥ ਰਹਾਉ ਦੂਜਾ ॥੪॥੪॥ {੩੭੧}

ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਇਸ ਮਨੁੱਖਾ ਜੀਵਨ ਵਿਚ ਵਿਚਰਦੇ ਹੋਏ, ਇਸ ਮਾਇਆ ਉਪਰ ਕਿਸ ਤਰ੍ਹਾਂ ਕਾਬੂ ਕਰਨਾ ਹੈ? ਗੁਰੂ ਨਾਨਕ ਸਾਹਿਬ ਨੇ ਉਸ ਦਾ ਭੀ ਇਲਾਜ ਦੱਸ ਦਿਤਾ ਹੈ। ਮਨ ਨੂੰ ਹਾਲੀ {ਕਿਰਸਾਨ} ਵਰਗਾ ਉੱਦਮੀ ਬਣਾਉਣਾਂ ਹੈ, ਉੱਚੇ ਆਚਰਨ ਨੂੰ ਵਾਹੀ {ਕਿਰਸਾਨੀ} ਸਮਝਣਾ ਹੈ, ਇਸ ਮਨੁੱਖਾ ਸਰੀਰ ਵਿਚ ਨਾਮੁ ਰੂਪੀ ਬੀਜ ਨੂੰ ਪਰਫੁੱਲਤ ਕਰਨਾ ਹੈ। ਮਿਹਨਤ ਨਾਮੁ ਦੀ ਫ਼ਸਲ ਲਈ ਪਾਣੀ ਹੈ, ਇਸ ਖੇਤ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਬੀਜ ਬੀਜਣਾ ਹੈ। ਬੀਜ ਨੂੰ ਪੰਛੀਆ {ਤ੍ਰਿਸ਼ਨਾ} ਤੋਂ ਬਚਾਣ ਲਈ ਸੰਤੋਖ ਦਾ ਸੁਹਾਗਾ ਫੇਰਨਾ ਹੈ। ਜੇਕਰ ਸੰਤੋਖ ਵਾਲਾ ਜੀਵਨ ਨਹੀਂ, ਤਾਂ ਮਾਇਆ ਦੀ ਤ੍ਰਿਸ਼ਨਾ, ਨਾਮੁ-ਬੀਜ ਨੂੰ ਮੁਕਾ ਦੇਵੇਗੀ। ਸਾਦਾ ਜੀਵਨ ਨਾਮੁ ਰੂਪੀ ਫ਼ਸਲ ਦੀ ਰਾਖੀ ਕਰਨ ਲਈ ਹੈ। ਇਸ ਤਰ੍ਹਾਂ ਸਰੀਰ ਰੂਪੀ ਖੇਤ ਵਿਚ ਅਕਾਲ ਪੁਰਖੁ ਦੀ ਮਿਹਰ ਨਾਲ ਪ੍ਰੇਮ ਪੈਦਾ ਹੋਵੇਗਾ। ਜਿਨ੍ਹਾਂ ਨੇ ਅਜੇਹੀ ਵਾਹੀ ਕੀਤੀ, ਉਹ ਹਿਰਦੇ ਨਾਮੁ ਰੂਪੀ ਧਨ ਨਾਲ ਧਨਾਢ ਹੋ ਗਏ। ਉਮਰ ਦੇ ਹਰੇਕ ਸੁਆਸ ਨੂੰ ਹੱਟੀ ਬਣਾ, ਇਸ ਹੱਟੀ ਵਿਚ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਦੇ ਨਾਮੁ ਸੌਦਾ ਬਣਾ। ਆਪਣੀ ਸੁਰਤਿ ਤੇ ਵਿਚਾਰ ਮੰਡਲ ਨੂੰ ਭਾਂਡਿਆਂ ਦੀ ਕਤਾਰ ਬਣਾ। ਇਸ ਭਾਂਡਸਾਲ ਵਿਚ ਅਕਾਲ ਪੁਰਖੁ ਦੇ ਨਾਮੁ ਦੇ

ਸੌਂਦੇ ਨੂੰ ਪਾ। ਅਕਾਲ ਪੁਰਖੁ ਦੇ ਨਾਮੁ ਦਾ ਵਣਜ ਕਰਨ ਵਾਲੇ ਸਤਸੰਗੀਆਂ ਨਾਲ ਮਿਲ ਕੇ ਤੂੰ ਵੀ ਅਕਾਲ ਪੁਰਖੁ ਦੇ ਨਾਮੁ ਦਾ ਵਣਜ ਕਰ, ਇਸ ਵਣਜ ਵਿਚੋਂ ਖੱਟੀ ਮਿਲੇਗੀ, ਤੇ ਮਨ ਹਮੇਸ਼ਾਂ ਖਿੜਿਆ ਰਹੇਗਾ। ਸੌਦਾਗਰਾਂ ਵਾਂਗ ਅਕਾਲ ਪੁਰਖੁ ਦੇ ਨਾਮੁ ਦਾ ਸੌਦਾਗਰ ਬਣ ਤੇ ਧਰਮ ਪੁਸਤਕਾਂ {ਗੁਰਬਾਣੀ} ਦਾ ਉਪਦੇਸ਼ ਸੁਣਿਆ ਕਰ, ਅਕਾਲ ਪੁਰਖੁ ਦੇ ਨਾਮੁ ਦੀ ਸੌਦਾਗਰੀ ਕਰ। ਸੌਦਾਗਰੀ ਦਾ ਮਾਲ ਲੱਦਣ ਵਾਸਤੇ ਉੱਚੇ ਆਚਰਨ ਨੂੰ ਘੋੜੇ ਬਣਾ ਕੇ ਜੀਵਨ ਵਿਚ ਵਿਚਰ। ਜ਼ਿੰਦਗੀ ਦੇ ਸਫ਼ਰ ਵਿਚ ਵੀ ਖ਼ਰਚ ਦੀ ਲੋੜ ਹੈ, ਇਸ ਲਈ ਚੰਗੇ ਗੁਣਾਂ ਨੂੰ ਜੀਵਨ ਦੇ ਸਫ਼ਰ ਦਾ ਖ਼ਰਚ ਬਣਾ। ਇਸ ਵਪਾਰ ਦੇ ਉੱਦਮ ਨੂੰ ਕੱਲ ਤੇ ਨਹੀਂ ਪਾਉਂਣਾ ਹੈ। ਅਜੇਹੇ ਵਪਾਰ ਨਾਲ ਜੇ ਤੂੰ ਅਕਾਲ ਪੁਰਖੁ ਦੇ ਦੇਸ ਵਿਚ {ਅਕਾਲ ਪੁਰਖੁ ਦੇ ਚਰਨਾਂ ਵਿਚ} ਟਿਕ ਜਾਵੇਂਗਾ, ਤਾਂ ਆਤਮਕ ਸੁਖ ਪ੍ਰਾਪਤ ਕਰ ਸਕੇਂਗਾ। ਜਿਸ ਤਰ੍ਹਾਂ ਨੌਕਰ ਰੋਜ਼ੀ ਕਮਾਣ ਲਈ ਮਿਹਨਤ ਨਾਲ ਮਾਲਕ ਦੀ ਸੇਵਾ ਕਰਦਾ ਹੈ, ਉਸੇ ਤਰ੍ਹਾਂ ਪੂਰੇ ਧਿਆਨ ਨਾਲ ਅਕਾਲ ਪੁਰਖੁ ਦੇ ਨਾਮੁ ਦੀ ਨੌਕਰੀ ਕਰ। ਜਿਸ ਤਰ੍ਹਾਂ ਨੌਕਰ ਆਪਣੇ ਮਾਲਕ ਦੇ ਹੁਕਮ ਨੂੰ ਨਹੀਂ ਭੁਲਾਂਦਾ, ਤੂੰ ਵੀ ਅਕਾਲ ਪੁਰਖੁ {ਮਾਲਕ} ਦੇ ਨਾਮੁ ਨੂੰ ਆਪਣੇ ਮਨ ਵਿਚ ਪੱਕਾ ਕਰਕੇ ਰੱਖ, ਇਹੀ ਹੈ ਉਸ ਦੀ ਸੇਵਾ। ਵਿਕਾਰਾਂ ਨੂੰ ਆਪਣੇ ਨੇੜੇ ਆਉਣ ਤੋਂ ਰੋਕ, ਤੇ ਅਕਾਲ ਪੁਰਖੁ ਦੀ ਨੌਕਰੀ ਵਾਸਤੇ ਦੌੜ ਭੱਜ ਕਰ। ਅਜੇਹੀ ਨੌਕਰੀ ਕਰਨ ਨਾਲ ਅਕਾਲ ਪੁਰਖੁ ਤੈਨੂੰ ਮਿਹਰ ਦੀ ਨਜ਼ਰ ਨਾਲ ਵੇਖੇਗਾ, ਤੇਰੀ ਜਿੰਦ ਉਤੇ ਚਾਰ ਚੰਨ ਲਗ ਜਾਣਗੇ। ਜੇਕਰ ਅਜੇਹਾ ਉੱਦਮ ਕਰੇਂਗਾ ਤਾਂ ਹਰ ਕੋਈ ਤੈਨੂੰ ਮਾਣ ਸਤਿਕਾਰ ਦੇਵੇਗਾ।

ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥ {੫੯੫}

ਇਸ ਲਈ ਜੇ ਕਰ ਅਕਾਲ ਪੁਰਖੁ ਬਖਸ਼ਸ਼ ਲੈਂਣੀ ਹੈ: ਤਾਂ ਬਿਲਕੁਲ ਇਕ ਸਫਲ ਕਿਰਸਾਣ, ਦੁਕਾਨਦਾਰ, ਵਾਪਾਰੀ, ਤੇ ਨੌਕਰ ਦੀ ਤਰ੍ਹਾਂ, ਆਪਣੇ ਇਸ ਮਨੁੱਖਾ ਜੀਵਨ ਵਿਚ ਸਬਦ ਗੁਰੂ ਦੀ ਸਿਖਿਆ ਅਨੁਸਾਰ ਚਲਣਾ ਹੈ, ਹੁਕਮੁ ਤੇ ਰਜਾ ਅਨੁਸਾਰ ਚਲਣਾ ਹੈ। ਫਿਰ ਤੇਰੇ ਅੰਦਰ ਅਕਾਲ ਪੁਰਖੁ ਦੇ ਨਾਮੁ ਦਾ ਵਾਸਾ ਹੋ ਜਾਵੇਗਾ, ਤੈਨੂੰ ਮਾਇਆ ਤੰਗ ਨਹੀਂ ਕਰੇਗੀ, ਤੂੰ ਉਸ ਮਾਇਆ ਨੂੰ ਆਪਣੀ ਦਾਸੀ ਬਣਾ ਸਕੇਗਾ।

ਜੇ ਕਰ ਗੁਰਬਾਣੀ ਦੀਆਂ ਸਿਖਿਆਵਾਂ ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ ਕਿ:

- ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ ਦਾ ਨਾਮੁ ਹੁਕਮੁ ਹੈ, ਸਬਦ ਹੈ, ਸਚੁ ਹੈ, ਬਹੁਤ ਮਿਠਾ ਹੈ, ਰਸ ਵਾਲਾ ਹੈ, ਅੰਮ੍ਰਿਤ ਹੈ, ਨਿਰਮਲ ਜਲ ਦੀ ਤਰ੍ਹਾਂ ਹੈ, ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ।
- ਸਿੱਖ ਧਰਮ ਅਨੁਸਾਰ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਨਾਮੁ ਹੈ। ਜੇ ਕਰ ਅਸੀਂ ਨਾਮੁ ਨੂੰ ਸਮਝਣਾ ਤੇ ਪਾਉਂਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ।
- ਅਣਗਿਣਤ ਜੂਨਾਂ ਵਿਚੋਂ ਭੌਂ ਕੇ ਹੁਣ ਇਹ ਮਨੁੱਖਾ ਜਨਮ ਬੜੀ ਮੁਸ਼ਕਿਲ ਨਾਲ ਮਿਲਿਆ ਹੈ, ਇਸ ਲਈ ਅਕਾਲ ਪੁਰਖੁ ਦਾ ਨਾਮੁ ਆਪਣੇ ਹਿਰਦੇ ਵਿਚ ਵਸਾਣਾ ਚਾਹੀਦਾ ਹੈ, ਕਿਉਂਕਿ ਪਤਾ ਨਹੀਂ ਕਦੋਂ ਇਥੋਂ ਕੂਚ ਕਰ ਜਾਣਾ ਹੈ।
- ਅਕਸਰ ਕਈ ਮਨੁੱਖ ਨਿਰਾ ਜ਼ਬਾਨੀ ਜ਼ਬਾਨੀ ਨਾਮੁ ਧਨ ਦੀ ਲਾਲਸਾ ਕਰਦੇ ਰਹਿੰਦੇ ਹਨ, ਪਰੰਤੂ ਇਹ ਧਿਆਨ ਵਿਚ ਰੱਖਣਾਂ ਹੈ, ਕਿ ਫ਼ੈਸਲਾ ਤਾਂ ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੋਣਾ ਹੈ, ਤੇ ਨਾਮੁ ਧਨ ਦੀ ਪ੍ਰਾਪਤੀ ਵੀ ਉਸ ਅਨੁਸਾਰ ਹੀ ਹੋਵੇਗੀ।
- ਸਰੀਰ ਦਾ ਸਾਥ ਇਸ ਲੋਕ ਤਕ ਹੀ ਸੀਮਿਤ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾਂ ਹੈ।

- ਗੁਰੂ ਸਾਹਿਬ ਸਮਝਾਂਦੇ ਹਨ ਕਿ ਹੇ ਮਨੁੱਖ ਤੂੰ ਜਗਤ ਵਿਚ ਅਕਾਲ ਪੁਰਖੁ ਦੇ ਨਾਮੁ ਦਾ ਲਾਭ ਖੱਟਣ ਵਾਸਤੇ ਆਇਆ ਹੈ, ਪਰੰਤੂ ਤੂੰ ਕਿਸ ਖ਼ੁਆਰੀ ਵਾਲੇ ਕੰਮ ਵਿਚ ਰੁੱਝਾ ਪਿਆ ਹੈਂ? ਤੇਰੀ ਸਾਰੀ ਜੀਵਨ ਦੀ ਰਾਤ ਮੁੱਕਦੀ ਜਾ ਰਹੀ ਹੈ।
- ਅਕਾਲ ਪੁਰਖੁ ਨੇ ਅਨੇਕਾਂ ਤਰੀਕਿਆਂ ਨਾਲ ਤੇਰੇ ਸਰੀਰ ਦੇ ਸਾਰੇ ਅੰਗ ਬਣਾਏ ਹਨ, ਪਰ ਇਹ ਸਭ ਸੁਆਸਾਂ ਦੇ ਕੱਚੇ ਧਾਗੇ ਵਿਚ ਪਰੋਏ ਹੋਏ ਹਨ, ਜੋ ਕਿ ਇਕ ਦਿਨ ਟੁੱਟ ਜਾਵੇਗਾ ਤੇ ਇਸ ਮਨੁੱਖਾ ਸਰੀਰ ਦੇ ਸਾਰੇ ਅੰਗ ਬੇਕਾਰ ਹੋ ਜਾਣਗੇ।
- ਜੇਕਰ ਮਨੁੱਖ ਦੀ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਤਾਂ ਉਹ ਪਾਪ ਸਿਰਫ ਅਕਾਲ ਪੁਰਖ ਦੇ ਨਾਮੁ ਵਿਚ ਰੰਗਿਆਂ ਹੀ ਧੋਤੇ ਜਾ ਸਕਦੇ ਹਨ। ਪੁੰਨ ਜਾਂ ਪਾਪ ਨਿਰੇ ਕਹਿਣ ਵਾਸਤੇ ਨਹੀਂ ਹਨ, ਬਲਕਿ ਜਿਹੋ ਜਿਹੇ ਕਰਮ ਕਰਾਂਗੇ, ਉਹੋ ਜਿਹੇ ਸੰਸਕਾਰ ਆਪਣੇ ਅੰਦਰ ਲਿਖ ਕੇ ਨਾਲ ਲੈ ਜਾਵਾਂਗੇ।
- ਜਿਸ ਬੀਜ ਅੰਦਰ ਦਾਣਾਂ ਨਹੀਂ, ਉਹ ਸੁਟ ਦਿਤਾ ਜਾਂਦਾ ਹੈ, ਇਸੇ ਤਰ੍ਹਾਂ ਜਿਸ ਸਰੀਰ ਅੰਦਰ ਨਾਮੁ ਨਹੀਂ ਉਹ ਧ੍ਰਿਗ ਹੈ।
- ਅਕਾਲ ਪੁਰਖੁ ਦਾ ਨਾਮੁ ਭੁਲਾ ਕੇ ਮਨੁੱਖ ਹੋਰ ਜਿਤਨੇ ਵੀ ਕਾਰ ਵਿਹਾਰ ਕਰਦਾ ਹੈ, ਉਹ ਇੰਜ ਹਨ ਜਿਵੇਂ ਕਿ ਕਿਸੇ ਮੁਰਦੇ ਨੂੰ ਸਿੰਗਾਰਨਾ ਝੂਠਾਂ ਤੇ ਵਿਅਰਥ ਉੱਦਮ ਹੈ।
- ਕੁਦਰਤ ਦੀ ਸਚਾਈ, ਨਾਮੁ ਦੇ ਮਿਲਣ ਤੋਂ ਬਿਨਾ ਪਤਾ ਨਹੀਂ ਲਗ ਸਕਦੀ, ਤੇ ਹੁਕਮੁ ਨੂੰ ਪਛਾਨਣ ਤੋਂ ਬਿਨਾ, ਜੀਵਨ ਦੇ ਸਹੀ ਮਾਰਗ ਬਾਰੇ ਪਤਾ ਨਹੀਂ ਲਗ ਸਕਦਾ। ਗੁਰਬਾਣੀ ਨੂੰ ਵਿਚਾਰਨ ਤੋਂ ਬਿਨਾ ਅਕਾਲ ਪੁਰਖ ਦੇ ਨਾਮੁ ਤੇ ਹੁਕਮੁ ਦੀ ਸਚਾਈ ਸਮਝ ਨਹੀਂ ਆ ਸਕਦੀ।
- ਜਿਸ ਮੂੰਹ ਨਾਲ ਮਨੁੱਖ ਅਕਾਲ ਪੁਰਖ ਦਾ ਨਾਮੁ ਨਹੀਂ ਯਾਦ ਕਰਦਾ, ਤੇ ਅਕਾਲ ਪੁਰਖ ਦਾ ਧੰਨਵਾਦ ਕਰਨ ਤੋਂ ਬਿਨਾ ਸੁਆਦਲੇ ਪਦਾਰਥ ਖਾਂਦਾ ਹੈ, ਉਸ ਮੂੰਹ ਉਤੇ ਵੀ ਫਿਟਕਾਰਾਂ ਪੈਂਦੀਆਂ ਹਨ।
- ਜਿਸ ਅਕਾਲ ਪੁਰਖੁ ਦਾ ਦਿੱਤਾ ਹੋਇਆ ਅਸੀਂ ਖਾਂਦੇ ਹਾਂ, ਉਸ ਮਾਲਕ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ।
- ਗੁਰੂ ਦੀ ਸਤਿਸੰਗਤ ਵਿਚ ਅਕਾਲ ਪੁਰਖੁ ਦੇ ਗੁਣ ਗਾਇਨ ਕਰਕੇ, ਤੇ ਚੰਗੀ ਜੀਵਨ ਜਾਚ ਸਿਖ ਕੇ ਆਪਣੀ ਭੈੜੀ ਮਤਿ ਦੂਰ ਕਰਨੀ, ਹੋਰ ਸਾਰੀਆਂ ਧਾਰਮਿਕ ਰਸਮਾਂ ਨਾਲੋਂ ਇੱਕ ਉੱਤਮ ਕਿਰਿਆ ਹੈ।
- ਜੇ ਕਰ ਅਸੀਂ ਵੀ ਆਪਣੇ ਮਨ ਨੂੰ ਅਡੋਲ ਅਵਸਥਾ ਵਿਚ ਟਿਕਾਣਾ ਚਾਹੁੰਦੇ ਹਾਂ, ਹੰਸ ਦੀ ਤਰ੍ਹਾਂ ਸੱਚ ਨੂੰ ਪਰਖਣ ਦੀ ਜਾਚ ਸਿਖਣਾਂ ਚਾਹੁੰਦੇ ਹਾਂ, ਤਾਂ ਸਾਨੂੰ ਵੀ ਸਤਿਗੁਰੂ ਦੀ ਸੱਚੀ ਬਾਣੀ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਨਾਲ ਜੁੜਨਾ ਪਵੇਗਾ।
- ਆਓ ਸਾਰੇ ਰਲ ਮਿਲ ਕੇ ਬੈਠੀਏ, ਅਕਾਲ ਪੁਰਖੁ ਤੋਂ ਆਪਣਾ ਵਿਛੋੜਾ ਚੇਤੇ ਕਰੀਏ, ਤੇ ਵਿਛੋੜਾ ਦੂਰ ਕਰਨ ਲਈ ਆਪਣੇ ਮਾਲਕ ਅਕਾਲ ਪੁਰਖੁ ਨੂੰ ਯਾਦ ਕਰੀਏ।
- ਜਿਹੜੇ ਮਨੁੱਖ ਜੀਊਂਦਿਆਂ ਹੀ ਅਕਾਲ ਪੁਰਖੁ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ, ਉਨ੍ਹਾਂ ਦਾ ਮਰਨਾ ਵੀ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ।
- ਗੁਰੂ ਸਾਹਿਬ ਸਮਝਾਂਦੇ ਹਨ, ਕਿ ਗੁਰਮੁਖ ਜਨ ਆਪਣੇ ਹੰਕਾਰ ਨੂੰ ਸਤਿਗੁਰੂ ਦੇ ਸਬਦ ਦੀ ਸਹਾਇਤਾ ਨਾਲ ਕਾਬੂ ਕਰਕੇ ਅਕਾਲ ਪੁਰਖੁ ਨਾਲ ਇਕ ਮਿਕ ਹੋਏ ਰਹਿੰਦੇ ਹਨ।
- ਅਕਾਲ ਪੁਰਖੁ ਆਪਣਾ ਪਿਆਰ ਵਾਲਾ ਸੁਭਾਉ ਹਮੇਸ਼ਾਂ ਚੇਤੇ ਰੱਖਦਾ ਹੈ, ਤੇ ਆਪਣੇ ਸੇਵਕ ਨੂੰ ਕਦੇ ਵੀ ਮੁਸ਼ਕਲ ਵਾਲਾ ਸਮਾਂ ਨਹੀਂ ਵੇਖਣ ਦੇਂਦਾ ਹੈ। ਅਕਾਲ ਪੁਰਖੁ ਆਪਣਾ ਹੱਥ ਦੇ ਕੇ ਆਪਣੇ ਸੇਵਕ ਦੀ ਰੱਖਿਆ ਕਰਦਾ ਹੈ।
- ਵਿਗਿਆਨਕ ਸਾਧਨਾਂ ਨਾਲ ਬਣੀਆਂ ਚੀਜ਼ਾਂ ਨਾਲ ਬਾਹਰੀ ਆਰਾਮ ਤੇ ਸਹੂਲਤਾਂ ਤਾਂ ਮਿਲ ਸਕਦੀਆਂ ਹਨ, ਪਰੰਤੂ ਅੰਦਰੂਨੀ ਸੁਖ ਨਹੀਂ। ਸਿਰਫ ਅਕਾਲ ਪੁਰਖ ਦਾ ਨਾਮੁ ਹੀ ਹੈ, ਜਿਸ ਨੂੰ ਹਿਰਦੇ ਵਿਚ ਵਸਾਣ ਨਾਲ ਮਨੁੱਖ ਦੇ ਮਨ ਅੰਦਰ ਠੰਡਕ ਪੈਦਾ ਹੋ ਸਕਦੀ ਹੈ ਤੇ ਆਤਮਿਕ ਸੁਖ ਮਿਲ ਸਕਦਾ ਹੈ।
- ਅਕਾਲ ਪੁਰਖੁ ਦੇ ਨਾਮੁ ਦਾ ਸਿਮਰਨ, ਤੇ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਲਈ ਖਾਹਸ਼ ਵਰਗੇ ਕੀਮਤੀ ਗੁਣ ਕੋਈ ਵਿਰਲਾ ਭਾਗਾਂ ਵਾਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।
- ਅਕਾਲ ਪੁਰਖੁ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ, ਸਾਰੇ ਸੁਖ ਦੇਣ ਵਾਲਾ ਹੈ, ਇਸ ਲਈ ਉਸ ਅਕਾਲ ਪੁਰਖੁ ਦਾ ਨਾਮੁ ਹਮੇਸ਼ਾਂ ਚੇਤੇ ਰੱਖਣਾਂ ਚਾਹੀਦਾ ਹੈ।

- ਜਿਸ ਹਿਰਦੇ ਵਿਚ ਅਕਾਲ ਪੁਰਖੁ ਦੀ ਭਗਤੀ ਹੁੰਦੀ ਹੈ, ਉਸ ਵਿਚੋਂ ਹਰੇਕ ਕਿਸਮ ਦੇ ਝਗੜੇ ਤੇ ਬਖੇੜੇ ਨਿਕਲ ਜਾਂਦੇ ਹਨ।
- ਇਹ ਧੁਰ ਕੀ ਸੱਚੀ ਬਾਣੀ ਹੀ ਹੈ, ਜਿਸ ਦੀ ਸਹਾਇਤਾ ਨਾਲ ਅਸੀਂ ਆਪਣਾ ਆਚਰਨ ਪਵਿਤਰ ਬਣਾ ਸਕਦੇ ਹਾਂ, ਤੇ ਆਪਣੇ ਹਿਰਦੇ ਅੰਦਰ ਅਕਾਲ ਪੁਰਖੁ ਦਾ ਨਾਮੁ ਵਸਾ ਸਕਦੇ ਹਾਂ।
- ਜੇ ਕਰ ਅਕਾਲ ਪੁਰਖੁ ਦੀ ਬਖਸ਼ਸ ਲੈਂਣੀ ਹੈ, ਤਾਂ ਬਿਲਕੁਲ ਇਕ ਸਫਲ ਕਿਰਸਾਣ, ਦੁਕਾਨਦਾਰ, ਵਾਪਾਰੀ, ਤੇ ਨੌਕਰ ਦੀ ਤਰ੍ਹਾਂ, ਆਪਣੇ ਇਸ ਮਨੁੱਖਾ ਜੀਵਨ ਵਿਚ ਸਬਦ ਗੁਰੁ ਦੀ ਸਿਖਿਆ ਅਨੁਸਾਰ ਚਲਣਾ ਹੈ। ਹੁਕਮੁ ਤੇ ਰਜਾ ਅਨੁਸਾਰ ਚਲਣਾ ਹੈ। ਫਿਰ ਤੇਰੇ ਅੰਦਰ ਅਕਾਲ ਪੁਰਖੁ ਦੇ ਨਾਮੁ ਦਾ ਵਾਸਾ ਹੋ ਜਾਵੇਗਾ, ਤੈਨੂੰ ਮਾਇਆ ਤੰਗ ਨਹੀਂ ਕਰੇਗੀ। ਤੂੰ ਉਸ ਮਾਇਆ ਨੂੰ ਆਪਣੀ ਦਾਸੀ ਬਣਾ ਸਕੇਗਾ।
- ਇਹ ਮਨੁੱਖਾ ਜਨਮ ਸਫਲ ਕਰਨ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਅੰਮ੍ਰਿਤ ਰੂਪੀ ਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ ਬਹੁਤ ਜਰੂਰੀ ਹਨ।

ਗੁਰਬਾਣੀ {ਸਤਿਗੁਰੂ} ਦੁਆਰਾ ਗੁਰਸਿੱਖ {ਸੇਵਕ} ਦਾ ਅਕਾਲ ਪੁਰਖੁ ਦੇ ਨਾਮੁ ਨਾਲ ਸਦੀਵੀ ਰਿਸ਼ਤਾ ਕਾਇਮ ਹੋ ਜਾਂਦਾ ਹੈ। ਫਿਰ ਸਤਿਗੁਰੂ ਆਪਣੇ ਸਿੱਖ ਦੀ ਹਮੇਸ਼ਾਂ ਰੱਖਿਆ ਕਰਦਾ ਰਹਿੰਦਾ ਹੈ, ਤੇ ਆਪਣੇ ਸੇਵਕ ਉਤੇ ਸਦਾ ਮੇਹਰ ਦੀ ਨਜ਼ਰ ਕਰਦਾ ਰਹਿੰਦਾ ਹੈ। ਸਿੱਖ ਆਪਣੇ ਸਤਿਗੁਰੂ ਦੇ ਉਪਦੇਸ਼ ਦੁਆਰਾ ਅਕਾਲ ਪੁਰਖੁ ਦਾ ਨਾਮੁ ਹਮੇਸ਼ਾਂ ਚੇਤੇ ਕਰਦਾ ਰਹਿੰਦਾ ਹੈ, ਜਿਸ ਸਦਕਾ ਸਤਿਗੁਰੂ ਆਪਣੇ ਸਿੱਖ ਦੇ ਮਨ ਅੰਦਰੋਂ ਭੈੜੀ ਮਤਿ ਨਾਲ ਲੱਗੀ ਹੋਈ ਮੈਲ ਦੂਰ ਕਰ ਦੇਂਦਾ ਹੈ। ਸਤਿਗੁਰੂ ਆਪਣੇ ਸਿੱਖ ਦੇ ਮਾਇਆ ਦੇ ਬੰਧਨ ਕੱਟ ਦੇਂਦਾ ਹੈ, ਜਿਸ ਸਦਕਾ ਗੁਰੂ ਦਾ ਸਿੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖ ਨੂੰ ਅਕਾਲ ਪੁਰਖੁ ਦਾ ਨਾਮੁ ਰੂਪੀ ਧਨ ਦੇਂਦਾ ਹੈ ਤੇ ਇਸ ਤਰ੍ਹਾਂ ਸਤਿਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖ ਦਾ ਲੋਕ ਪਰਲੋਕ ਦੋਹਾਂ ਨੂੰ ਸਵਾਰ ਦੇਂਦਾ ਹੈ ਤੇ ਸਤਿਗੁਰੂ ਵੀ ਆਪਣੇ ਸਿੱਖ ਨੂੰ ਆਪਣੀ ਜਿੰਦ ਦੇ ਨਾਲ ਸਦਾ ਯਾਦ ਰੱਖਦਾ ਹੈ।

ਅਸਟਪਦੀ ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥ {੨੮੬}

ਉੱਪਰ ਲਿਖੇ ਗਏ ਸਬਦ ਇਹੀ ਸਮਝਾਂਦੇ ਹਨ ਕਿ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ ਦੇ ਨਾਮੁ ਨੂੰ ਸਮਝਣਾ ਤੇ ਪਾਉਂਣਾ ਬਹੁਤ ਜਰੂਰੀ ਹੈ। ਜੇ ਕਰ ਅਸੀਂ ਨਾਮੁ ਨੂੰ ਸਮਝਣਾ ਤੇ ਪਾਉਂਣਾ ਚਾਹੁੰਦੇ ਹਾਂ ਤਾਂ ਸਾਨੂੰ ਅਕਾਲ ਪੁਰਖੁ ਦੇ ਨਾਮੁ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ। ਇਸ ਲਈ ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹ ਕੇ, ਸਮਝ ਕੇ, ਤੇ ਆਪਣੇ ਅਮਲੀ ਜੀਵਨ ਵਿਚ ਅਪਨਾ ਕੇ, ਅਕਾਲ ਪੁਰਖੁ ਦੇ ਨਾਮੁ ਨੂੰ ਸਮਝੀਏ ਤੇ ਆਪਣਾ ਮਨੁੱਖਾ ਜੀਵਨ ਸਫਲ ਕਰੀਏ।

"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫਤਿਹ"

{ਡਾ: ਸਰਬਜੀਤ ਸਿੰਘ} {Dr. Sarbjit Singh}
ਆਰ ਐਚ ੧ / ਈ - ੮, ਸੈਕਟਰ - ੮, ਵਾਸ਼ੀ, ਨਵੀਂ ਮੁੰਬਈ - ੪੦੦੭੦੩.
RH1 / E-8, Sector-8, Vashi, Navi Mumbai - 400703.
Email = sarbjitsingh@yahoo.com,
Web = https://gurmat-research.com/
http://www.geocities.ws/sarbjitsingh
http://www.sikhmarg.com/article-dr-sarbjit.html
https://sikhwisdom.org/profile/sarbjitsingh/answers/